5-JAN-PAGE-1.qxd 1/4/2024 10:39 PM Page 1

ਸ਼ੁੱਕਰਵਾਰ, 5 ਜਨਵਰੀ, 2024
21 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 216

ਨਵਾਂ ਜ਼ਮਾਨਾ

DAILY NAWAN ZAMANA • FRIDAY, 5 JANUARY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਖਹਿਰਾ ਦੀ ਡਰੱਗ ਕੇਸ 'ਚ ਪੱਕੀ ਜ਼ਮਾਨਤ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀਰਵਾਰ ਭੁਲੱਥ ਤੋਂ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 2015 ਵਿਚ ਜਲਾਲਾਬਾਦ 'ਚ ਦਰਜ ਹੋਏ ਡਰੱਗ ਕੇਸ ਵਿਚ ਪੱਕੀ ਜ਼ਮਾਨਤ ਦੇ ਦਿੱਤੀ। ਜਸਟਿਸ ਅਨੂਪ ਚਿਤਕਾਰਾ ਨੇ ਕਿਹਾ ਕਿ ਖਹਿਰਾ ਖਿਲਾਫ ਸਬੂਤ ਸਤਹੀ ਤੇ ਅਧੂਰੇ ਹਨ। ਖਹਿਰਾ ਨੇ ਕਿਹਾ ਸੀ ਕਿ ਇਸ ਮਾਮਲੇ 'ਚ ਉਨ੍ਹਾਂ ਨੂੰ ਵੱਖ-ਵੱਖ ਪੱਧਰ 'ਤੇ ਰਾਹਤ ਪ੍ਰਦਾਨ ਕੀਤੇ ਜਾਣ ਦੇ ਬਾਵਜੂਦ ਪੰਜਾਬ ਪੁਲਸ ਉਨ੍ਹਾਂ ਵਿਰੁੱਧ ਕਾਨੂੰਨ ਦੇ ਉਲਟ ਕਾਰਵਾਈ ਕਰ ਰਹੀ ਹੈ। ਪਹਿਲਾਂ ਉਹ ਆਮ ਆਦਮੀ ਪਾਰਟੀ ਵਿੱਚ ਸਨ ਅਤੇ ਬਾਅਦ ਵਿੱਚ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਸਿਆਸੀ ਰੰਜਿਸ਼ ਕਾਰਨ ਉਨ੍ਹਾਂ ਵਿਰੁੱਧ ਇਹ ਕਾਰਵਾਈ ਕੀਤੀ ਜਾ ਰਹੀ ਹੈ।

ਜਲਾਲਾਬਾਦ 'ਚ ਗੁਰਦੇਵ ਸਿੰਘ ਸਮੇਤ 9 ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐੱਨ ਡੀ ਪੀ ਐਸ) ਐਕਟ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। ਪੁਲਸ ਨੇ ਇਨ੍ਹਾਂ ਕੋਲੋਂ 2 ਕਿਲੋ ਹੈਰੋਇਨ, 24 ਸੋਨੇ ਦੇ ਬਿਸਕੁਟ, ਇੱਕ ਦੇਸੀ ਪਿਸਤੌਲ, ਇੱਕ .315 ਬੋਰ ਦਾ ਪਿਸਤੌਲ ਅਤੇ ਦੋ ਪਾਕਿਸਤਾਨੀ ਸਿਮ ਕਾਰਡ ਬਰਾਮਦ ਕੀਤੇ ਸਨ। ਜਾਂਚ ਦੌਰਾਨ ਖਹਿਰਾ ਦਾ ਨਾਂਅ ਬਾਅਦ ਵਿੱਚ ਸਾਹਮਣੇ ਆਇਆ ਸੀ। 2017 ਵਿੱਚ ਸੁਪਰੀਮ ਕੋਰਟ ਨੇ ਖਹਿਰਾ ਵਿਰੁੱਧ ਹੇਠਲੀ ਅਦਾਲਤ ਦੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਸੀ। ਉਨ੍ਹਾਂ ਨੂੰ ਵਾਧੂ ਮੁਲਜ਼ਮ ਵਜੋਂ ਸੰਮਨ ਕੀਤਾ ਗਿਆ ਸੀ। ਉਨ੍ਹਾਂ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ 2021 ਵਿੱਚ 2015 ਦੇ ਡਰੱਗਜ਼ ਕੇਸ ਨਾਲ ਜੁੜੇ ਮਨੀ ਲਾਂਡਰਿੰਗ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ਨੂੰ 2022 ਵਿੱਚ ਜ਼ਮਾਨਤ ਮਿਲ ਗਈ ਸੀ।

ਫਰਵਰੀ 2023 ਵਿੱਚ ਸੁਪਰੀਮ ਕੋਰਟ ਨੇ ਡਰੱਗਜ਼ ਕੇਸ ਵਿੱਚ ਖਹਿਰਾ ਵਿਰੁੱਧ ਸੰਮਨ ਦੇ ਹੁਕਮ ਨੂੰ ਰੱਦ ਕਰ ਦਿੱਤਾ ਸੀ। ਖਹਿਰਾ ਨੂੰ ਜਲਾਲਾਬਾਦ ਜ਼ਿਲ੍ਹਾ ਪੁਲਸ ਨੇ ਨਵੇਂ ਖੁਲਾਸਿਆਂ ਤੋਂ ਬਾਅਦ ਪਿਛਲੇ ਸਾਲ 28 ਸਤੰਬਰ ਨੂੰ ਸਵੇਰੇ 5 ਵਜੇ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਘਰ ਤੋਂ ਫਿਰ ਗ੍ਰਿਫਤਾਰ ਕਰ ਲਿਆ ਸੀ। ਹਾਈ ਕੋਰਟ ਤੋਂ ਜ਼ਮਾਨਤ ਮਿਲਦੇ ਸਾਰ ਕਪੂਰਥਲਾ ਪੁਲਸ ਵਿਧਾਇਕ ਸੁਖਪਾਲ ਖਹਿਰਾ ਨੂੰ ਨਾਭਾ ਜੇਲ੍ਹ ਵਿੱਚੋਂ ਲੈ ਗਈ। ਨਾਭਾ ਜੇਲ੍ਹ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕੀਤੀ। ਖਹਿਰਾ ਦੇ ਪੀ ਏ ਜਸਮੀਤ ਸਿੰਘ ਫੁੱਲ ਨੇ ਦੱਸਿਆ ਕਿ ਕਪੂਰਥਲਾ ਦੇ ਸੁਭਾਨਪੁਰ ਥਾਣੇ ਵਿੱਚ ਉਨ੍ਹਾਂ ਵਿਰੁੱਧ 195 ਏ ਧਾਰਾ ਤਹਿਤ ਨਵਾਂ ਕੇਸ ਦਰਜ ਕਰ ਦਿੱਤਾ ਗਿਆ ਹੈ, ਜਿਸ ਦੇ ਤਹਿਤ ਖਹਿਰਾ ਨੂੰ ਕਪੂਰਥਲਾ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ।

ਬਾਬਾ ਭਕਨਾ ਦੇ ਜਨਮ ਦਿਹਾੜੇ 'ਤੇ ਵੰਡ-ਪਾਊ ਮੋਦੀ ਸਰਕਾਰ ਨੂੰ ਚਲਦਾ ਕਰਨ ਦਾ ਸੱਦਾ

ਭਕਨਾ (ਹਰਜਿੰਦਰ ਸੋਨੀ, ਮੱਖਣ ਮਨੋਜ)

ਮਹਾਨ ਇਨਕਲਾਬੀ ਤੇ ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦਾ ਜਨਮ ਦਿਹਾੜਾ ਸੀ ਪੀ ਆਈ ਜ਼ਿਲ੍ਹਾ ਤਰਨ ਤਾਰਨ ਤੇ ਅੰਮ੍ਰਿਤਸਰ ਅਤੇ ਬਾਬਾ ਜੀ ਦੇ ਪਰਵਾਰ ਸਰਦਾਰ ਹਜ਼ਾਰਾ ਸਿੰਘ ਮਾਲੂਵਾਲ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਬਾਬਾ ਜੀ ਦੀ ਯਾਦਗਾਰ ਤੇ ਆਖੰਡ ਪਾਠ ਦੇ ਭੋਗ ਪੈਣ ਉਪਰੰਤ ਢਾਡੀ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬਾਅਦ ਵਿੱਚ ਸਕੂਲ ਦੀ ਗਰਾਊਂਡ ਵਿੱਚ ਸੀ ਪੀ ਆਈ ਨੇ ਸਿਆਸੀ ਕਾਨਫਰੰਸ ਕੀਤੀ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਲੇਖੇ ਲਾਈ ਅਤੇ 26 ਸਾਲ ਜੇਲ੍ਹ ਵਿੱਚ ਗੁਜ਼ਾਰੇ। ਪਹਿਲਾਂ ਅੰਗਰੇਜ਼ਾਂ ਦੀ ਜੇਲ੍ਹ ਦੇ ਕਸ਼ਟ ਝੱਲੇ ਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਰਾਜ ਅਧੀਨ ਜੇਲ੍ਹ ਕੱਟੀ। ਕਾਂਗਰਸੀ ਹਕੂਮਤ ਸਮੇਂ ਜੇਲ੍ਹ ਵਿੱਚ ਕੈਦ ਹੋਣ ਕਰਕੇ ਉਹ ਸਦਾ ਲਈ ਕੁੱਬੇ ਹੋ ਗਏ। ਕੁੱਬੇ ਹੋਣ ਦਾ ਕਾਰਨ ਇਹ ਸੀ ਕਿ ਜੇਲ੍ਹ ਦੀ ਬੈਰਕ ਛੋਟੀ ਹੋਣ ਕਰਕੇ ਉਨ੍ਹਾਂ ਨੂੰ ਕੁੱਬੇ ਹੋ ਕੇ ਲੰਮੇ ਪੈਣਾ ਪੈਂਦਾ ਸੀ। ਇਸ ਤਰ੍ਹਾਂ ਕੁੱਬੇ ਹੋ ਕੇ ਸੌਣ ਨਾਲ ਉਨ੍ਹਾਂ ਦੀ ਪਿੱਠ 'ਤੇ ਕਾਂਗਰਸ ਦੀ ਮੋਹਰ ਲੱਗ ਗਈ। ਇਹ ਹੈ

● ਬਾਕੀ ਸਫ਼ਾ 2 'ਤੇ

ਸ਼ਾਇਦ ਹੀ ਕੋਈ 'ਵਰਸਿਟੀ ਹੋਵੇ, ਜਿੱਥੇ ਗਦਰੀਆਂ ਦੇ ਇਤਿਹਾਸ 'ਤੇ ਖੋਜ ਨਾ ਹੋ ਰਹੀ ਹੋਵੇ : ਗੁਰਮੀਤ

ਜਲੰਧਰ (ਕੇਸਰ)-ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ 154ਵੇਂ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਉਹਨਾ ਦੇ ਜ਼ਿੰਦਗੀ ਭਰ ਦੇ ਲਾਸਾਨੀ, ਪ੍ਰੇਰਨਾਦਾਇਕ ਇਨਕਲਾਬੀ ਜੀਵਨ ਸਫ਼ਰ ਅਤੇ ਸਾਡੇ ਫ਼ਰਜ਼ਾਂ ਬਾਰੇ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਇਸ ਵਿਚਾਰ-ਚਰਚਾ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਇਤਿਹਾਸਕ ਤੱਥਾਂ ਦੀ ਰੋਸ਼ਨੀ 'ਚ ਅਮੁੱਲੀਆਂ ਗੱਲਾਂ ਸਾਂਝੀਆਂ ਕੀਤੀਆਂ। ਉਹਨਾ ਗ਼ਦਰ ਪਾਰਟੀ ਦੀ ਆਧਾਰਸ਼ਿਲਾ ਰੱਖਣ, ਮਿਸਾਲੀ ਇਤਿਹਾਸ ਦੀ ਰਚਨਾ ਕਰਨ, ਆਜ਼ਾਦੀ ਦੀ ਬਸੰਤ ਰੁੱਤ ਲਿਆਉਣ ਲਈ ਸਦਾ ਸੰਗਰਾਮ ਜਾਰੀ ਰੱਖਣ ਦੇ ਦਿੱਤੇ ਸੁਨੇਹੇ ਨੂੰ ਲੜ ਬੰਨ੍ਹਣ ਲਈ ਕਿਹਾ। ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਦੁਨੀਆ ਦੀ ਸ਼ਾਇਦ ਹੀ ਕੋਈ ਯੂਨੀਵਰਸਿਟੀ ਹੋਵੇ, ਜਿਥੇ ਗ਼ਦਰੀ ਦੇਸ਼ ਭਗਤਾਂ ਅਤੇ ਬਾਬਾ ਸੋਹਣ ਸਿੰਘ ਭਕਨਾ ਦੇ ਇਤਿਹਾਸ 'ਤੇ ਖੋਜ-ਪੜਤਾਲ ਨਾ ਹੋ ਰਹੀ ਹੋਵੇ। ਉਹਨਾ ਅਜੋਕੇ ਸਮੇਂ ਦੀਆਂ ਲੋੜਾਂ ਅਤੇ ਚੁਣੌਤੀਆਂ ਨੂੰ ਮੱਦੇਨਜ਼ਰ ਰੱਖਦਿਆਂ ਆਪਣੇ ਫ਼ਰਜ਼ਾਂ ਦੀ ਪੂਰਤੀ ਲਈ ਜ਼ੋਰ ਦਿੱਤਾ। ਡਾ. ਜਸਵਿੰਦਰ ਸਿੰਘ ਬਿਲਗਾ ਨੇ ਕਿਹਾ ਕਿ ਅਜਿਹੀਆਂ

● ਬਾਕੀ ਸਫ਼ਾ 2 'ਤੇ

ਕਾਂਗਰਸ ਨੇ ਯਾਤਰਾ ਦਾ ਨਾਂਅ ਬਦਲਿਆ

ਨਵੀਂ ਦਿੱਲੀ : ਕਾਂਗਰਸ ਨੇ 14 ਜਨਵਰੀ ਤੋਂ ਸ਼ੁਰੂ ਕੀਤੀ ਜਾਣ ਵਾਲੀ ਭਾਰਤ ਨਿਆਏ ਯਾਤਰਾ ਦਾ ਨਾਂਅ ਬਦਲ ਕੇ 'ਭਾਰਤ ਜੋੜੋ ਨਿਆਏ ਯਾਤਰਾ' ਕਰ ਦਿੱਤਾ ਹੈ। ਪ੍ਰਧਾਨ ਮਲਿਕਾਰਜੁਨ ਖੜਗੇ ਦੀ ਪ੍ਰਧਾਨਗੀ ਵਿਚ ਵੀਰਵਾਰ ਇੱਥੇ ਹੋਈ ਵੱਡੇ ਆਗੂਆਂ ਦੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ। ਪਾਰਟੀ ਦਾ ਕਹਿਣਾ ਹੈ ਕਿ ਭਾਰਤ ਜੋੜੋ ਨਾਂਅ ਹੁਣ ਬਰਾਂਡ ਬਣ ਚੁੱਕਾ ਹੈ। ਯਾਤਰਾ ਦੀ ਸ਼ੁਰੂਆਤ ਰਾਹੁਲ ਗਾਂਧੀ ਮਨੀਪੁਰ ਦੀ ਰਾਜਧਾਨੀ ਇੰਫਾਲ ਤੋਂ ਕਰਨਗੇ। ਪਹਿਲਾਂ ਇਸ ਨੇ 14 ਰਾਜਾਂ ਵਿੱਚੋਂ ਲੰਘਣਾ ਸੀ, ਪਰ ਹੁਣ ਅਰੁਣਾਚਲ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ।

ਹਰਿਆਣਾ ਦੇ ਕਾਂਗਰਸ ਵਿਧਾਇਕ ਤੇ ਇਨੈਲੋ ਦੇ ਸਾਬਕਾ ਵਿਧਾਇਕ 'ਤੇ ਛਾਪੇ

ਚੰਡੀਗੜ੍ਹ : ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਵੀਰਵਾਰ ਹਰਿਆਣਾ ਕਾਂਗਰਸ ਵਿਧਾਇਕ ਸੁਰਿੰਦਰ ਪੰਵਾਰ, ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸਾਬਕਾ ਵਿਧਾਇਕ ਦਿਲਬਾਗ ਸਿੰਘ ਅਤੇ ਕੁਝ ਹੋਰਨਾਂ ਦੇ ਟਿਕਾਣਿਆਂ 'ਤੇ ਯਮੁਨਾਨਗਰ ਜ਼ਿਲ੍ਹੇ ਵਿੱਚ ਕਥਿਤ ਗੈਰ-ਕਾਨੂੰਨੀ ਮਾਈਨਿੰਗ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਛਾਪੇ ਮਾਰੇ। ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀਆਂ ਵਿਵਸਥਾਵਾਂ ਤਹਿਤ ਯਮੁਨਾਨਗਰ, ਸੋਨੀਪਤ, ਮੁਹਾਲੀ, ਫਰੀਦਾਬਾਦ, ਚੰਡੀਗੜ੍ਹ ਅਤੇ ਕਰਨਾਲ ਵਿੱਚ ਦੋਵਾਂ ਨੇਤਾਵਾਂ ਅਤੇ ਉਨ੍ਹਾਂ ਨਾਲ ਜੁੜੀਆਂ ਸੰਸਥਾਵਾਂ ਦੇ 20 ਟਿਕਾਣਿਆਂ ਦੀ ਤਲਾਸ਼ੀ ਲਈ ਗਈ। ਪੰਵਾਰ ਸੋਨੀਪਤ ਤੋਂ ਹਰਿਆਣਾ ਵਿਧਾਨ ਸਭਾ ਦੇ ਮੈਂਬਰ ਹਨ, ਜਦਕਿ ਦਿਲਬਾਗ ਸਿੰਘ ਇਨੈਲੋ ਤੋਂ ਯਮੁਨਾਨਗਰ ਸੀਟ ਦੀ ਨੁਮਾਇੰਦਗੀ ਕਰ ਚੁੱਕੇ ਹਨ।

ਨਿਖਿਲ ਗੁਪਤਾ ਦੇ ਪਰਵਾਰ ਦੀ ਮੰਗ ਰੱਦ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਅਮਰੀਕਾ ਵਿੱਚ ਖਾਲਿਸਤਾਨੀ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮੁਲਜ਼ਮ ਭਾਰਤੀ ਨਾਗਰਿਕ ਨਿਖਿਲ ਗੁਪਤਾ ਦੇ ਪਰਵਾਰ ਦੀ 'ਕੌਂਸਲਰ ਐਕਸੈਸ' ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਨਿਖਿਲ ਗੁਪਤਾ ਦੀ ਕੂਟਨੀਤਕ ਪਹੁੰਚ ਦੀ ਅਪੀਲ ਬਾਰੇ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸੰਵੇਦਨਸ਼ੀਲ ਮਾਮਲਾ ਹੈ ਤੇ ਉਸ ਨੂੰ ਵਿਦੇਸ਼ੀ ਅਦਾਲਤ ਦੇ ਅਧਿਕਾਰ ਖੇਤਰ ਦਾ ਸਨਮਾਨ ਕਰਨਾ ਚਾਹੀਦਾ ਹੈ।

ਦੁਕਾਨਦਾਰ 'ਤੇ ਤੇਜ਼ਾਬੀ ਹਮਲਾ

ਸਨੌਰ : ਪਟਿਆਲਾ ਜ਼ਿਲ੍ਹੇ ਦੇ ਕਸਬਾ ਸਨੌਰ ਵਿੱਚ ਦੋ ਨਕਾਬਪੋਸ਼ ਨੌਜਵਾਨਾਂ ਵੱਲੋਂ ਦੁਕਾਨਦਾਰ ਉਪਰ ਤੇਜ਼ਾਬ ਸੁੱਟ ਦਿੱਤਾ, ਜਿਸ ਕਾਰਨ ਉਸ ਦੀਆਂ ਬਾਹਾਂ ਅਤੇ ਗਰਦਨ ਝੁਲਸ ਗਏ। ਸਨੌਰ ਵਾਸੀ ਨੌਜਵਾਨ ਨਿਖਿਲ ਸਿੰਗਲਾ ਹਾਰਡਵੇਅਰ ਦੀ ਦੁਕਾਨ ਕਰਦਾ ਹੈ। ਉਹ ਜਦੋਂ ਦੁਕਾਨ ਦੇ ਅੰਦਰ ਬੈਠਾ ਸੀ ਤਾਂ ਨਕਾਬਪੋਸ਼ ਦੋ ਨੌਜਵਾਨਾਂ ਨੇ ਆ ਕੇ ਪਹਿਲਾਂ ਕੋਈ ਸਾਮਾਨ ਮੰਗਿਆ ਅਤੇ ਫੇਰ ਤੁਰੰਤ ਬਾਅਦ ਉਸ 'ਤੇ ਤੇਜ਼ਾਬ ਸੁੱਟ ਦਿੱਤਾ।

ਟੈਸਟ ਮੈਚ ਦੋ ਦਿਨਾਂ 'ਚ ਖਤਮ

ਕੇਪਟਾਊਨ : ਭਾਰਤ ਨੇ ਇੱਥੇ ਦੂਜੇ ਅਤੇ ਆਖਰੀ ਟੈਸਟ ਦੇ ਦੂਜੇ ਦਿਨ ਵੀਰਵਾਰ ਦੱਖਣੀ ਅਫਰੀਕਾ ਨੂੰ ਸੱਤ ਵਿਕਟਾਂ ਨਾਲ ਹਰਾ ਕੇ ਦੋ ਮੈਚਾਂ ਦੀ ਲੜੀ 1-1 ਨਾਲ ਬਰਾਬਰ ਕਰ ਲਈ। ਦੱਖਣੀ ਅਫਰੀਕਾ ਨੇ ਪਹਿਲੇ ਟੈਸਟ ਦੇ ਤੀਜੇ ਦਿਨ ਭਾਰਤ ਨੂੰ ਪਾਰੀ ਅਤੇ 32 ਦੌੜਾਂ ਨਾਲ ਹਰਾਇਆ ਸੀ। ਦੂਜੇ ਟੈਸਟ ਦੀ ਪਹਿਲੀ ਪਾਰੀ 'ਚ 55 ਦੌੜਾਂ 'ਤੇ ਆਊਟ ਹੋਏ ਦੱਖਣੀ ਅਫਰੀਕਾ ਨੇ ਦੂਜੀ ਪਾਰੀ 'ਚ 176 ਦੌੜਾਂ ਬਣਾ ਕੇ ਭਾਰਤ ਨੂੰ ਜਿੱਤ ਲਈ 79 ਦੌੜਾਂ ਦਾ ਟੀਚਾ ਦਿੱਤਾ। ਭਾਰਤ ਨੇ ਪੰਜ ਸੈਸ਼ਨਾਂ ਵਿੱਚ 12 ਓਵਰਾਂ ਵਿੱਚ ਤਿੰਨ ਵਿਕਟਾਂ 'ਤੇ 80 ਦੌੜਾਂ ਬਣਾ ਕੇ ਜਿੱਤ ਦਰਜ ਕੀਤੀ। ਭਾਰਤੀ ਟੀਮ ਪਹਿਲੀ ਪਾਰੀ 'ਚ 153 ਦੌੜਾਂ ਆਊਟ ਹੋ ਗਈ ਸੀ।ਇਸ ਤੋਂ ਪਹਿਲਾਂ ਭਾਰਤੀ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਦੀਆਂ 6 ਵਿਕਟਾਂ ਦੀ ਮਦਦ ਨਾਲ ਦੱਖਣੀ ਅਫਰੀਕਾ ਦੀ ਟੀਮ ਦੂਜੇ ਦਿਨ ਦੁਪਹਿਰ ਦੇ ਖਾਣੇ ਤੱਕ ਦੂਜੀ ਪਾਰੀ ਵਿਚ 176 ਦੌੜਾਂ 'ਤੇ ਆਊਟ ਹੋ ਗਈ ਅਤੇ ਭਾਰਤ ਨੂੰ ਜਿੱਤ ਲਈ 79 ਦੌੜਾਂ ਦੀ ਲੋੜ ਸੀ। ਮੇਜ਼ਬਾਨ ਟੀਮ ਸਲਾਮੀ ਬੱਲੇਬਾਜ਼ ਏਡਨ ਮਾਰਕਰਮ (106 ਦੌੜਾਂ) ਦੇ ਸੈਂਕੜੇ ਦੀ ਮਦਦ ਨਾਲ ਇਸ ਸਕੋਰ ਤੱਕ ਪਹੁੰਚ ਸਕੀ। ਭਾਰਤ ਲਈ ਜਸਪ੍ਰੀਤ ਬੁਮਰਾਹ ਨੇ 61 ਦੌੜਾਂ ਦੇ ਕੇ ਛੇ ਵਿਕਟਾਂ ਲਈਆਂ। ਮੁਕੇਸ਼ ਕੁਮਾਰ ਨੇ ਦੋ ਵਿਕਟਾਂ, ਜਦਕਿ ਮੁਹੰਮਦ ਸਿਰਾਜ ਅਤੇ ਪ੍ਰਸਿਧ ਕ੍ਰਿਸ਼ਨ ਨੇ ਇਕ-ਇਕ ਵਿਕਟ ਲਈ। ਦੱਖਣੀ ਅਫਰੀਕਾ ਨੇ ਸਵੇਰ ਦੀ ਸ਼ੁਰੂਆਤ ਤਿੰਨ ਵਿਕਟਾਂ 'ਤੇ 62 ਦੌੜਾਂ ਤੋਂ ਕੀਤੀ, ਜਦੋਂ ਮਾਰਕਰਮ 36 ਦੌੜਾਂ 'ਤੇ ਖੇਡ ਰਿਹਾ ਸੀ। ਮਾਰਕਰਮ ਨੇ 99 ਗੇਂਦਾਂ ਵਿੱਚ 16 ਚੌਕਿਆਂ ਅਤੇ ਦੋ ਛੱਕਿਆਂ ਦੀ ਮਦਦ ਨਾਲ ਆਪਣਾ ਸੈਂਕੜਾ ਪੂਰਾ ਕੀਤਾ।

ਅਕਾਲੀ ਆਪਣੀ ਯਾਤਰਾ ਦਾ ਨਾਂਅ 'ਅਕਾਲੀ ਦਲ ਤੋਂ ਪੰਜਾਬ ਬਚਾ ਲਓ ਯਾਤਰਾ' ਰੱਖਣ : ਮਾਨ

ਚੰਡੀਗੜ੍ਹ (ਕ੍ਰਿਸ਼ਨ ਗਰਗ)

ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕ ਫਰਵਰੀ ਤੋਂ ਕੀਤੀ ਜਾਣ ਵਾਲੀ 'ਪੰਜਾਬ ਬਚਾਓ ਯਾਤਰਾ' ਦੇ ਸੰਬੰਧ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਕਿਹਾ ਕਿ ਅਕਾਲੀਆਂ ਨੇ 15 ਸਾਲਾਂ ਦੇ ਕੁਸ਼ਾਸਨ ਦੌਰਾਨ ਪੰਜਾਬ ਨੂੰ ਬੇਰਹਿਮੀ ਨਾਲ ਲੁੱਟਿਆ ਹੈ, ਜਿਸ ਕਰਕੇ ਇਸ ਯਾਤਰਾ ਦਾ ਅਸਲ ਨਾਂਅ 'ਅਕਾਲੀ ਦਲ ਤੋਂ ਪੰਜਾਬ ਬਚਾ ਲਓ ਯਾਤਰਾ' ਹੋਣਾ ਚਾਹੀਦਾ ਹੈ।

ਇਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਨੇ 15 ਸਾਲਾਂ ਦੇ ਹਨੇਰਗਰਦੀ ਅਤੇ ਬਦਅਮਨੀ ਵਾਲੇ ਸ਼ਾਸਨ ਦੌਰਾਨ ਸੂਬੇ ਦੇ ਵਸੀਲਿਆਂ ਉਤੇ ਡਾਕਾ ਮਾਰਿਆ ਅਤੇ ਪੰਜਾਬੀਆਂ ਦੇ ਹਿਰਦਿਆਂ ਨੂੰ ਗਹਿਰੇ ਜ਼ਖ਼ਮ ਦਿੱਤੇ। ਉਨ੍ਹਾ ਕਿਹਾ ਕਿ ਸੂਬੇ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਹੁਣ ਹਾਸ਼ੀਏ ਉਤੇ ਪਹੁੰਚ ਚੁੱਕੀ ਹੈ ਅਤੇ ਸੂਬੇ ਵਿੱਚ ਲੰਮਾ ਸਮਾਂ ਸੱਤਾ ਵਿੱਚ ਰਹਿਣ ਤੋਂ ਬਾਅਦ ਅੱਜ ਤਿੰਨ ਸੀਟਾਂ ਤੱਕ ਸਿਮਟ ਕੇ ਰਹਿ ਗਈ ਹੈ। ਪੰਜਾਬ ਦੇ ਲੋਕ ਅਕਾਲੀਆਂ ਅਤੇ ਬਾਦਲ ਪਰਵਾਰ ਦੇ ਦੋਹਰੇ ਕਿਰਦਾਰ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ, ਜਿਸ ਕਰਕੇ ਯਾਤਰਾ ਵਰਗੀਆਂ ਨੌਟੰਕੀਆਂ ਹੁਣ ਕੰਮ ਨਹੀਂ ਆਉਣਗੀਆਂ।

ਮੁੱਖ ਮੰਤਰੀ ਨੇ ਅਕਾਲੀਆਂ ਨੂੰ ਚੇਤੇ ਕਰਵਾਇਆ ਕਿ ਅਕਾਲੀ ਦਲ ਦੇ ਲੰਮੇ ਕੁਸ਼ਾਸਨ ਦ

5-JAN-PAGE-1.qxd 1/4/2024 10:40 PM Page 2

ਜੱਜ ਬਣੀ ਕੁੜੀ ਦੇ ਘਰ ਟੀਮ ਸਣੇ ਪਹੁੰਚੇ ਪੂਨਮ ਕਾਂਗੜਾ

ਸੰਗਰੂਰ (ਪ੍ਰਵੀਨ ਸਿੰਘ)-ਪਿਛਲੇ ਦਿਨੀਂ ਪੀ.ਸੀ.ਐਸ ਜੁਡੀਸ਼ੀਅਲ ਦੀ ਪ੍ਰੀਖਿਆ ਪਾਸ ਕਰਕੇ ਜੱਜ ਬਣੀਂ ਸ਼ੇਰਪੁਰ ਦਾ ਮਾਣ ਰਮਨਦੀਪ ਕੌਰ ਪੁੱਤਰੀ ਨਾਹਰ ਸਿੰਘ ਦੇ ਘਰ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਭਾਰਤੀਯ ਅੰਬੇਡਕਰ ਮਿਸ਼ਨ (ਰਜਿ:) ਭਾਰਤ ਅਤੇ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਆਪਣੀ ਟੀਮ ਸਮੇਤ ਪਹੁੰਚੇ। ਜਿਨ੍ਹਾਂ ਵੱਲੋਂ ਜੱਜ ਬਣੀਂ ਕੁੜੀ ਰਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਜਿਸ ਮਿਸ਼ਨ ਨੂੰ ਪੂਰਾ ਕਰਨ ਲਈ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਨੇ ਆਪਣਾ ਸਾਰਾ ਜੀਵਨ ਕੁਰਬਾਨ ਕਰ ਦਿੱਤਾ।ਉਨ੍ਹਾਂ ਕਿਹਾ ਕਿ ਇੱਕ ਆਮ ਪਰਵਾਰ ਦੀ ਧੀ ਰਮਨਦੀਪ ਕੌਰ ਨੇ ਪੀ ਸੀ ਐਸ ਦੀ ਪ੍ਰੀਖਿਆ ਪਾਸ ਕਰਕੇ ਇਹ ਸੰਦੇਸ਼ ਦਿੱਤਾ ਹੈ ਕਿ ਇਹ ਕਲਯੁੱਗ ਨਹੀਂ, ਬਲਕਿ ਕਲਮ ਯੁੱਗ ਹੈ। ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਇਹ ਮੁਕਾਮ ਹਾਸਲ ਕਰਨ ਲਈ ਸਿਰਫ਼ ਰਮਨਦੀਪ ਕੌਰ ਹੀ ਨਹੀਂ ਇਸ ਦਾ ਪਰਵਾਰ ਖਾਸ ਕਰਕੇ ਪਿਤਾ ਵਧਾਈ ਦੇ ਪਾਤਰ ਹਨ। ਇਸ ਮੌਕੇ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਤੋਂ ਇਲਾਵਾ ਸ਼੍ਰੀ ਕ੍ਰਿਸ਼ਨ ਸਿੰਗਲਾ, ਬਿੱਟੂ, ਚਮਕੌਰ ਸਿੰਘ, ਸੁਖਪਾਲ ਸਿੰਘ ਭੰਮਾਬੱਦੀ, ਸੁਰਿੰਦਰ ਕੌਰ ਬੁੱਗ਼ਰਾ, ਰੁਪਿੰਦਰ ਸਿੰਘ ਟਿੱਬਾ, ਸ਼ਸ਼ੀ ਚਾਵਰੀਆ, ਸਾਜਨ ਕਾਂਗੜਾ ਸਣੇ ਰਮਨਦੀਪ ਕੌਰ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

ਜਿੰਨਾ ਵਿਕਾਸ ਹੋਇਆ, ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਹੋਇਆ : ਰੋਜ਼ੀ ਬਰਕੰਦੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਕਾਂਗਰਸ ਨੇ ਆਪਣੇ ਕਾਰਜਕਾਲ ਦੌਰਾਨ ਕੁਝ ਵੀ ਨਹੀਂ ਕੀਤਾ ਅਤੇ ਇਸੇ ਤਰ੍ਹਾਂ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਵੀ ਹਲਕੇ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਜਿੰਨਾ ਵਿਕਾਸ ਹੋਇਆ ਹੈ, ਉਹ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਹੋਇਆ ਸੀ, ਜਿਵੇਂ ਕਿ ਮਜਬੂਤ ਸੀਮੇਂਟਡ ਰੋਡ, ਪੈਨਸ਼ਨਾਂ, ਆਟਾ ਦਾਲ ਸਕੀਮ, ਸ਼ਗਨ ਸਕੀਮ, ਬਿਜਲੀ ਬਿੱਲ ਮੁਆਫ਼, ਸੀਵਰੇਜ ਆਦਿ ਦੀਆਂ ਸਾਰੀਆਂ ਸਮੱਸਿਆਵਾਂ ਤੋਂ ਨਿਜ਼ਾਤ ਆਦਿ ਸਭ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਹੋਇਆ ਹੈ, ਜਿਸ ਕਾਰਨ ਲੋਕ ਵੱਡੀ ਗਿਣਤੀ ਵਿੱਚ ਅਕਾਲੀ ਬਸਪਾ ਗਠਜੋੜ ਦੀਆਂ ਨੀਤੀਆਂ 'ਤੇ ਚੱਲਣ ਲੱਗੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਮੋੜ ਰੋਡ ਦਸਮੇਸ਼ ਨਗਰ ↔ਵਿਖੇ ਬਲਦੇਵ ਸਿੰਘ (ਗੁਰਦੇਵ) ਆਗੂ ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਦੇ ਪ੍ਰਧਾਨ ਅਤੇ ਉਨ੍ਹਾਂ ਦੇ ਦਰਜਨਾਂ ਸਮਰਥਕਾਂ ਨੂੰ ਕਾਂਗਰਸ ਪਾਰਟੀ ਛੱਡ ਕੇ ਆਏ ਪਰਵਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਨ ਸਮੇਂ ਕੀਤਾ।

ਸਿੱਖ ਯੂਥ ਵੈਲਫ਼ੇਅਰ ਸੁਸਾਇਟੀ ਵੱਲੋਂ ਅਮਰਜੀਤ ਸਿੰਘ ਮਾਲਵਾ ਦਾ ਸਨਮਾਨ

ਜਗਰਾਉਂ (ਅਮਿਤ ਖੰਨਾ/ਸੰਜੀਵ ਅਰੋੜਾ)-ਬਰਾਈਟ ਫਿਊਚਰ ਆਈਲੈਟਸ ਐਂਡ ਇਮੀਗ੍ਰੇਸ਼ਨ ਵੱਲੋਂ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦੇ ਹੋਏ ਬੀਤੀ ਰਾਤ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਮਹਾਨ ਕੀਰਤਨ ਦਰਬਾਰ ਕਰਾਇਆ ਗਿਆ, ਜਿਸ 'ਚ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ। ਇਸ ਮੌਕੇ ਸਿੱਖ ਯੂਥ ਵੈਲਫੇਅਰ ਸੁਸਾਇਟੀ ਵੱਲੋਂ ਅਮਰਜੀਤ ਸਿੰਘ ਮਾਲਵਾ ਦੇ ਨਗਰ ਕੌਂਸਲ ਦਾ ਕਾਰਜਕਾਰੀ ਪ੍ਰਧਾਨ ਬਣਨ 'ਤੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਸਿੱਖ ਯੂਥ ਵੈਲਫੇਅਰ ਸੁਸਾਇਟੀ ਨੇ ਨਗਰ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨੂੰ ਵਧਾਈਆਂ ਦਿੰਦਿਆਂ ਆਖਿਆ ਕਿ ਹੁਣ ਸ਼ਹਿਰ ਦੇ ਰੁਕੇ ਕੰਮ ਹੋਣਗੇ। ਉਨ੍ਹਾਂ ਕਿਹਾ ਕਿ ਮਾਲਵਾ ਜਿੱਥੇ ਪੱਤਰਕਾਰੀ ਖੇਤਰ 'ਚ ਤਜਰਬੇਕਾਰ ਹਨ, ਉਥੇ ਰਾਜਨੀਤੀ 'ਚ ਵੀ ਚੰਗਾ ਨਾਮਣਾ ਖੱਟਿਆ ਹੈ। ਇਸ ਮੌਕੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨੇ ਸਿੱਖ ਯੂਥ ਵੈਲਫੇਅਰ ਸੁਸਾਇਟੀ ਦਾ ਸਨਮਾਨ ਦੇਣ 'ਤੇ ਧੰਨਵਾਦ ਕੀਤਾ ਅਤੇ ਆਖਿਆ ਕਿ ਉਹ ਸ਼ਹਿਰ ਵਾਸੀਆਂ ਦੀਆਂ ਆਸਾਂ 'ਤੇ ਖਰਾ ਉਤਰਨਗੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸੰਤ ਬਾਬਾ ਲਖਵੀਰ ਸਿੰਘ ਭੋਣੀ ਨਾਨਕਸਰ ਬੜੈਚ, ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੇ ਪ੍ਰਧਾਨ ਪ੍ਰਿੰ. ਚਰਨਜੀਤ ਸਿੰਘ ਭੰਡਾਰੀ, ਸੀਨੀਅਰ ਮੀਤ ਪ੍ਰਧਾਨ ਤਿਰਲੋਕ ਸਿੰਘ ਸਿਡਾਣਾ, ਖ਼ਜ਼ਾਨਚੀ ਇੰਦਰਪਾਲ ਸਿੰਘ ਵਛੇਰ, ਸਿੱਖ ਯੂਥ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਚਰਨਜੀਤ ਸਿੰਘ ਸਰਨਾ, ਚੇਅਰਮੈਨ ਗਗਨਦੀਪ ਸਿੰਘ ਸਰਨਾ, ਸਰਪ੍ਰਸਤ ਗੁਰਸ਼ਰਨ ਸਿੰਘ ਮਿਗਲਾਨੀ, ਜਨਰਲ ਸਕੱਤਰ ਇੰਦਰਪ੍ਰੀਤ ਸਿੰਘ ਵਛੇਰ, ਰਵਿੰਦਰਪਾਲ ਕੁਮਾਰ ਸੱਭਰਵਾਲ, ਕੌਂਸਲਰ ਸਤੀਸ਼ ਕੁਮਾਰ ਦੌਧਰੀਆ, ਕੌਂਸਲਰ ਅਨਮੋਲ ਗੁਪਤਾ, ਹੈਪੀ ਮੈਦ ਤੇ ਗੁਰਮੀਤ ਸਿੰਘ ਸਿਡਾਣਾ ਹਾਜ਼ਰ ਸਨ।

ਜ਼ਿਲ੍ਹਾ ਲਿਖਾਰੀ ਸਭਾ ਵੱਲੋਂ ਪੰਜ ਪ੍ਰਮੁੱਖ ਸਾਹਿਤਕਾਰਾਂ ਦਾ ਕੀਤਾ ਜਾਵੇਗਾ ਸਨਮਾਨ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਲਿਖਾਰੀ ਸਭਾ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ ਕਿ ਲਿਖਾਰੀ ਸਭਾ ਦੇ ਸਰਗਰਮ ਮੈਂਬਰਾਂ ਮੀਤ ਪ੍ਰਧਾਨ ਬਲਤੇਜ ਸਿੰਘ ਬਠਿੰਡਾ, ਪ੍ਰੋਸ ਸਕੱਤਰ ਅਮਰਬੀਰ ਸਿੰਘ ਚੀਮਾ, ਸਕੱਤਰ ਪ੍ਰਿੰਸੀਪਲ ਸੁਖਵਿੰਦਰ ਸਿੰਘ ਢਿੱਲੋਂ, ਸਕੱਤਰ ਅਵਤਾਰ ਸਿੰਘ ਪੁਆਰ, ਹਰਜਿੰਦਰ ਸਿੰਘ ਗੋਪਾਲੋਂ, ਪ੍ਰੋ .ਦੇਵ ਮਲਿਕ, ਅਜਮੇਰ ਸਿੰਘ ਮਾਨ, ਰਮਿੰਦਰਜੀਤ ਸਿੰਘ ਵਾਸੂ, ਪ੍ਰੇਮ ਲਤਾ, ਮਲਿਕਾ ਰਾਣੀ ਤੇ ਬਲਵਿੰਦਰ ਸਿੰਘ ਢੀਂਡਸਾ ਨਾਲ ਵਿਸ਼ੇਸ਼ ਬੈਠਕ ਦੌਰਾਨ ਮਤਾ ਪਾਇਆ ਗਿਆ ਕਿ ਹਰ ਸਾਲ ਦੀ ਤਰ੍ਹਾਂ ਪੋਹ ਦੇ ਮਹੀਨੇ ਵਿੱਚ ਕੀਤੇ ਜਾਂਦੇ ਸਮਾਗਮ ਦੌਰਾਨ ਪੰਜ ਸਾਹਿਤਕਾਰਾਂ ਦਾ ਸਨਮਾਨ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਹ ਸਮਾਗਮ 6 ਜਨਵਰੀ ਨੂੰ ਠੀਕ ਦਸ ਵਜੇ ਮਾਤਾ ਗੁਜਰੀ ਕਾਲਜ ਫ਼ਤਿਹਗੜ੍ਹ ਸਾਹਿਬ ਦੇ ਕਮਰਸ ਹਾਲ ਵਿੱਚ ਕੀਤਾ ਜਾਵੇਗਾ।ਸਮਾਗਮ ਦੀ ਪ੍ਰਧਾਨਗੀ ਜਸਪ੍ਰੀਤ ਕੌਰ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਕਰਨਗੇ ਤੇ ਮੁੱਖ ਮਹਿਮਾਨ ਵਜੋਂ ਪ੍ਰਿੰਸੀਪਲ ਡਾ. ਜਲਧੌਰ ਸਿੰਘ ਖੀਵਾ ਸ਼ਿਰਕਤ ਕਰਨਗੇ। ਮੁੱਖ ਬੁਲਾਰੇ ਦੀ ਸੇਵਾ ਪਰਮਜਤ ਕੌਰ ਸਰਹਿੰਦ ਨਿਭਾਉਣਗੇ।ਉਨ੍ਹਾਂ ਕਿਹਾ ਕਿ ਸਭਾ ਦੇ ਸਾਰੇ ਅਹੁਦੇਦਾਰਾਂ, ਮੈਂਬਰਾਂ, ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਮਹਿਲਾ ਕੇਂਦਰੀ ਜੇਲ੍ਹ 'ਚ ਕੰਬਲ ਤੇ ਸਵੈਟਰ ਵੰਡੇ

ਲੁਧਿਆਣਾ (ਰਾਜ ਸਿੰਗਲਾ)-ਮੌਜੂਦਾ ਸਮੇਂ ਸੂਬੇ ਵਿੱਚ ਪੈ ਰਹੀ ਕੜਾਕੇ ਦੀ ਠੰਢ ਦੇ ਮੱਦੇਨਜ਼ਰ ਪ੍ਰਸ਼ਾਸਨ ਵੱਲੋਂ ਮਹਿਲਾ ਕੇਂਦਰੀ ਜੇਲ੍ਹ ਲੁਧਿਆਣਾ ਵਿਖੇ ਕੈਦੀਆਂ ਨੂੰ ਕੰਬਲ ਤੇ ਸਵੈਟਰ ਮੁਹੱਈਆ ਕਰਵਾਏ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਕ੍ਰਿਸ਼ਨ ਪਾਲ ਰਾਜਪੂਤ ਆਈ.ਏ.ਐੱਸ. (ਯੂ.ਟੀ.) ਵੱਲੋਂ ਦੱਸਿਆ ਗਿਆ ਕਿ ਲੁਧਿਆਣਾ ਵਿੱਚ ਵੱਧ ਰਹੀ ਠੰਢ ਸਦਕਾ ਮਹਿਲਾ ਕੇਂਦਰੀ ਜੇਲ੍ਹ ਲੁਧਿਆਣਾ ਦੀ ਸੁਪਰਡੈਂਟ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਕੈਦੀਆਂ ਲਈ ਗਰਮ ਕੱਪੜੇ ਤੇ ਕੰਬਲਾਂ ਦਾ ਪ੍ਰਬੰਧ ਕਰਨ ਦੀ ਅਪੀਲ ਕੀਤੀ ਗਈ ਸੀ।ਉਨ੍ਹਾ ਦੱਸਿਆ ਕਿ ਐੱਨ.ਜੀ.ਓ. ਸਿਟੀ ਨੀਡਜ਼ ਦੇ ਸਹਿਯੋਗ ਨਾਲ ਸੁਪਰਡੈਂਟ ਮਹਿਲਾ ਕੇਂਦਰੀ ਜੇਲ੍ਹ ਨੂੰ ਕੰਬਲ ਤੇ ਸਵੈਟਰ ਮੁਹੱਈਆ ਕਰਵਾਏ ਗਏ ਤਾਂ ਜੋ ਕੈਦੀਆਂ ਨੂੰ ਇਸ ਕਹਿਰ ਦੀ ਸਰਦੀ ਤੋਂ ਬਚਾਇਆ ਜਾ ਸਕੇ।ਇਸ ਮੌਕੇ ਨਗਰ ਨਿਗਮ ਦੇ ਜ਼ੋਨਲ ਕਮਿਸ਼ਨਰ ਜਸਦੇਵ ਸੋਖੋਂ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

ਸਾਬਕਾ ਚੇਅਰਮੈਨ ਬਿੱਟੂ ਵੱਲੋਂ ਦੁੱਖ ਦਾ ਪ੍ਰਗਟਾਵਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)-ਸਥਾਨਕ ਨਗਰ ਕੌਂਸਲ ਵਿਖੇ ਬਤੌਰ ਜੂਨੀਅਰ ਸਹਾਇਕ ਤਾਇਨਾਤ ਗੁਰਦੀਪ ਸਿੰਘ (55) ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਪਰਿਵਾਰ ਨਾਲ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਵੱਲੋਂ ਦੁੱਖ ਸਾਂਝਾ ਕੀਤਾ ਗਿਆ।ਉਨ੍ਹਾਂ ਨਮਿੱਤ ਅੰਤਿਮ ਅਰਦਾਸ 6 ਜਨਵਰੀ ਨੂੰ 12 ਤੋਂ 1 ਵਜੇ ਤੱਕ ਬਠਿੰਡਾ ਰੋਡ ਸਥਿਤ ਗੁਰਦੁਆਰਾ ਤਰਨਤਾਰਨ ਸਾਹਿਬ ਵਿਖੇ ਹੋਵੇਗੀ।ਇਸ ਮੌਕੇ ਹਰਦੀਪ ਸਿੰਘ ਬਿੱਟੂ, ਜਗਵੰਤ ਸਿੰਘ ਲੰਬੀ ਢਾਬ, ਬਲਦੇਵ ਸਿੰਘ ਮੈਨੇਜਰ, ਗੁਰਵਿੰਦਰ ਸਿੰਘ ਬਾਜਾ ਮਰਾੜ, ਬੇਅੰਤ ਸਿੰਘ ਬਿੰਨੀ ਮਨੇਸ਼, ਜਸਪਾਲ ਸਿੰਘ ਪੀ ਏ ਆਦਿ ਹਾਜ਼ਰ ਸਨ।

ਦੱਦਾਹੂਰ ਵੱਲੋਂ ਨਵੀਂ ਬਣੀ ਲਾਇਬ੍ਰੇਰੀ ਨੂੰ ਪੁਸਤਕਾਂ ਭੇਟ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਪਿਛਲੇ ਦਿਨੀਂ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਬੁਰਜ ਹਰੀਕਾ ਵਿਖੇ ਮਸ਼ਹੂਰ ਗੀਤਕਾਰ/ਫਿਲਮਕਾਰ ਅਮਰਦੀਪ ਸਿੰਘ ਗਿੱਲ (ਸਿੱਲ੍ਹੀ ਸਿੱਲ੍ਹੀ ਆਉਂਦੀ ਹੈ ਹਵਾ, ਕਿਤੇ ਕੋਈ ਰੋਂਦਾ ਹੋਵੇਗਾ/ਗਾਇਕ ਹੰਸ ਰਾਜ ਹੰਸ) ਦੇ ਰਚੇਤਾ ਨਾਲ ਬੁਰਜ ਹਰੀਕਾ ਦੀ ਸਾਹਿਤ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਤੇ ਉਨ੍ਹਾਂ ਦੀ ਪੂਰੀ ਟੀਮ ਅਤੇ ਪਿੰਡ ਬੁਰਜ ਹਰੀਕਾ ਦੀ ਸਮੁੱਚੀ ਪੰਚਾਇਤ ਵੱਲੋਂ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ।ਇਸ ਸਮੇਂ ਪ੍ਰਸਿੱਧ ਸਾਹਿਤਕਾਰ ਤੇ ਆਲੋਚਕ ਡਾਕਟਰ ਦਵਿੰਦਰ ਸੈਫ਼ੀ ਤੇ ਖੁਸ਼ਵੰਤ ਬਰਗਾੜੀ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਹੋਏ ਸਨ।ਜਿੱਥੇ ਅਮਰਦੀਪ ਸਿੰਘ ਗਿੱਲ ਨੇ ਆਪਣੇ ਜੀਵਨ ਬਾਬਤ ਖੁੱਲ੍ਹ ਕੇ ਗੱਲਾਂ ਕੀਤੀਆਂ, ਓਥੇ ਵਿਦੇਸ਼ ਵਸਦੀ ਬੇਟੀ ਅਮਨ ਗੁਰਲਾਲ ਦੀ ਇੱਕ ਪੁਸਤਕ 'ਹਰੇ ਪੱਤਿਆਂ ਦੀ ਪੀੜ' ਵੀ ਰਿਲੀਜ਼ ਕੀਤੀ ਗਈ ਤੇ ਅਗਲੇ ਪੜਾਅ ਵਿੱਚ ਆਏ ਹੋਏ ਸਾਰੇ ਸਾਹਿਤਕਾਰ/ਕਵੀ ਦੋਸਤਾਂ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ।ਇਸ ਮੌਕੇ ਜਸਵੀਰ ਸ਼ਰਮਾ ਦੱਦਾਹੂਰ ਨੇ ਆਪਣੇ ਵਿਰਸੇ ਦੇ ਖਜ਼ਾਨੇ ਵਿੱਚੋਂ ਹੁਣ ਤੱਕ ਆਪਣੀਆਂ ਆਈਆਂ ਵਿਰਸੇ ਦੀਆਂ ਪੁਸਤਕਾਂ ਨਵੀਂ ਬਣੀ ਲਾਇਬ੍ਰੇਰੀ ਨੂੰ ਭੇਟ ਕੀਤੀਆਂ, ਜਿਸ ਦਾ ਉਦਘਾਟਨ ਵੀ ਓਸੇ ਦਿਨ ਹੀ ਆਏ ਹੋਏ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਨੇ ਕੀਤਾ ਸੀ।ਇਸ ਮੌਕੇ ਜਸਵੀਰ ਸ਼ਰਮਾ ਦੱਦਾਹੂਰ ਦੇ ਨਾਲ ਗੁਰਪ੍ਰੀਤ ਸਿੰਘ ਸੋਨੀ ਬਾਬਾ ਜੀ ਰੁਪਾਣਾ ਵਾਲੇ ਤੇ ਅਵਤਾਰ ਸਿੰਘ ਰਿਟਾਇਰ ਪੀ ਐੱਸ ਈ ਬੀ ਵੀ ਉਨ੍ਹਾਂ ਦੇ ਨਾਲ ਸਨ।ਇਸ ਸਮੇਂ ਸੋਨੀ ਬਾਬਾ ਨੇ ਇੱਕ ਭਾਵਪੂਰਤ ਕਹਾਣੀ ਸਰੋਤਿਆਂ ਨਾਲ ਸਾਂਝੀ ਕੀਤੀ।ਇਹ ਰੂਬਰੂ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।ਸਭਾ ਵੱਲੋਂ ਆਏ ਹੋਏ ਸਾਰੇ ਸਾਹਿਤਕਾਰ ਦੋਸਤਾਂ ਨੂੰ ਪ੍ਰੇਮ ਨਿਸ਼ਾਨੀ ਵਜੋਂ ਯਾਦਗਾਰੀ ਸਰਟੀਫਿਕੇਟ ਦਿੱਤੇ ਗਏ ਤੇ ਸਾਰਿਆਂ ਨੇ ਪਿੰਡ ਵਿੱਚ ਲਾਇਬ੍ਰੇਰੀ ਨੂੰ ਖੋਲ੍ਹਣ 'ਤੇ ਸਮੁੱਚੀ ਸਭਾ ਨੂੰ ਵਧਾਈ ਦਿੱਤੀ।

ਚੋਰੀ ਦੇ ਮੋਟਰਸਾਈਕਲ ਸਮੇਤ ਇੱਕ ਗ੍ਰਿਫ਼ਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਮਮਦੋਟ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਚੋਰੀ ਦੇ ਇਕ ਮੋਟਰਸਾਈਕਲ ਸਮੇਤ ਗ੍ਰਿਫ਼ਤਾਰ ਕਰਕੇ ਉਸ ਖਿਲਾਫ਼ 379, 411 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਓਮ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਬੱਸ ਅੱਡਾ ਹਜ਼ਾਰਾ ਸਿੰਘ ਵਾਲਾ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਲਖਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਮੱਤੜ ਉਤਾੜ ਚੋਰੀਆਂ ਕਰਨ ਦਾ ਆਦੀ ਹੈ, ਜੋ ਅੱਜ ਚੋਰੀ ਕੀਤਾ ਮੋਟਰਸਾਈਕਲ ਵੇਚਣ ਲਈ ਮਮਦੋਟ ਵੱਲ ਆ ਰਿਹਾ ਹੈ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਿਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀ ਨੂੰ ਕਾਬੂ ਕੀਤਾ ਗਿਆ ਤੇ ਮੌਕੇ 'ਤੇ 1 ਮੋਟਰਸਾਈਕਲ ਹੀਰੋ ਡੀਲਕਸ ਬਿਨ੍ਹਾ ਨੰਬਰੀ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਭਲਕ ਦੀ ਮਹਾਂਪੰਚਾਇਤ 'ਚ ਮਜ਼ਦੂਰ ਵੀ ਹੋਣਗੇ ਸ਼ਾਮਲ

ਮੋਗਾ (ਅਮਰਜੀਤ ਬੱਬਰੀ)

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਮੀਟਿੰਗ ਸੂਬਾ ਕਮੇਟੀ ਦੇ ਮੈਂਬਰ ਲਖਵੀਰ ਸਿੰਘ ਲੱਖਾ ਦੀ ਪ੍ਰਧਾਨਗੀ 'ਚ ਮਨਾਵਾਂ ਵਿਖੇ ਹੋਈ।ਇਸ ਮੌਕੇ ਲੋਕ ਸੰਗਰਾ

5-Jan-PAGE-3.qxd 1/4/2024 11:11 PM Page 1

ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਨੇ ਕੀਤਾ ਵਿਕਰਾਲ ਰੂਪ ਧਾਰਨ

ਗੁਰਦਾਸਪੁਰ, (ਜਨਕ ਮਹਾਜਨ)

ਗੁਰਦਾਸਪੁਰ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਸ਼ਹਿਰ ਵਾਸੀਆਂ ਲਈ ਜੀ ਦਾ ਜੰਜਾਲ ਬਣਦੀ ਜਾ ਰਹੀ ਹੈ। ਗੁਰਦਾਸਪੁਰ ਸ਼ਹਿਰ ਅੰਦਰ ਵਾਹਨਾਂ ਦੀਆਂ ਲਗਦੀਆਂ ਲੰਬੀਆਂ ਕਤਾਰਾਂ ਕਾਰਨ ਲੋਕਾਂ ਨੂੰ ਕਾਫ਼ੀ ਸਮਾਂ ਟਰੈਫ਼ਿਕ ਜਾਮ ਵਿਚ ਫਸੇ ਰਹਿਣਾ ਪੈਂਦਾ ਹੈ। ਇਸ ਟਰੈਫ਼ਿਕ ਜਾਮ ਕਾਰਨ ਸਕੂਲੀ ਬੱਸਾਂ, ਨੌਕਰੀਆਂ 'ਤੇ ਜਾਣ ਸਮੇਂ ਮੁਲਾਜ਼ਮਾਂ ਤੋਂ ਇਲਾਵਾ ਹਸਪਤਾਲਾਂ ਨੂੰ ਜਾਣ ਵਾਲੇ ਐਮਰਜੈਂਸੀ ਹਾਲਤ ਵਿਚ ਮਰੀਜ਼ਾਂ ਅਤੇ ਐਂਬੂਲੈਂਸਾਂ ਨੂੰ ਜਾਮ ਵਿਚ ਫਸੇ ਰਹਿਣਾ ਪੈਂਦਾ ਹੈ। ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਏਨੀ ਜ਼ਿਆਦਾ ਵਧ ਚੁੱਕੀ ਹੈ ਕਿ ਕਾਹਨੂੰਵਾਨ ਚੌਕ ਤੋਂ ਬੱਸ ਅੱਡੇ ਤੱਕ, ਗੀਤਾ ਭਵਨ ਰੋਡ, ਜੇਲ੍ਹ ਰੋਡ, ਸ਼ਹਿਰ ਦੇ ਬਾਜ਼ਾਰਾਂ ਅੰਦਰ ਪਹੁੰਚਣ ਲਈ ਕਾਫ਼ੀ ਸਮਾਂ ਲੱਗ ਜਾਂਦਾ ਹੈ। ਇਸ ਸਬੰਧੀ ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਵਾਹਨ ਚਾਲਕਾਂ ਵਲੋਂ ਸੜਕਾਂ ਦੇ ਉਪਰ ਹੀ ਆਪਣੇ ਵਹੀਕਲਾਂ ਨੂੰ ਖੜ੍ਹਾ ਕਰ ਦੇਣ ਨਾਲ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਦਿਨ ਸਮੇਂ ਵੱਡੇ ਵਹੀਕਲਾਂ ਦਾ ਸ਼ਹਿਰ ਅੰਦਰੋਂ ਗੁਜ਼ਰਨਾ ਬੇਸ਼ੱਕ ਟਰੈਫ਼ਿਕ ਵਿਭਾਗ ਵਲੋਂ ਬੰਦ ਕੀਤਾ ਗਿਆ ਹੈ ਪਰ ਫ਼ਿਰ ਵੀ ਕਈ ਵਾਰ ਵੱਡੇ ਵਾਹਨਾਂ ਵਲੋਂ ਸ਼ਹਿਰ ਅੰਦਰ ਸਮਾਨ ਸਪਲਾਈ ਕੀਤਾ ਜਾਂਦਾ ਹੈ ਕਿ ਬਾਜ਼ਾਰਾਂ ਵਿਚ ਭੀੜ ਅਤੇ ਜਗ੍ਹਾ ਘੱਟ ਹੋਣ ਕਰਕੇ ਲੰਬਾ ਸਮਾਂ ਜਾਮ ਲੱਗਾ ਰਹਿੰਦਾ ਹੈ। ਉਨ੍ਹਾਂ ਕਿਹਾ ਵਾਹਨ ਚਾਲਕ ਦੁਕਾਨਾਂ ਅੰਦਰ ਸਮਾਨ ਲੈਂਦੇ ਸਮੇਂ ਆਪਣੇ ਵਹੀਕਲਾਂ ਨੂੰ ਸੜਕਾਂ 'ਤੇ ਖੜ੍ਹਾ ਕਰ ਜਾਂਦੇ ਹਨ ਜਿਸ ਕਾਰਨ ਸੜਕ ਤੋਂ ਦੀ ਲੰਘਣਾ ਔਖਾ ਹੋ ਜਾਂਦਾ ਹੈ। ਉਨ੍ਹਾਂ ਕਿਹਾ ਪ੍ਰਸ਼ਾਸਨ ਵਲੋਂ ਵਾਹਨਾਂ ਨੂੰ ਪਾਰਕਿੰਗ ਕਰਨ ਲਈ ਨਹਿਰੂ ਪਾਰਕ ਵਿਖੇ ਵਿਸ਼ੇਸ਼ ਜਗ੍ਹਾ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਵਾਹਨ ਚਾਲਕਾਂ ਵਲੋਂ ਬਹੁਤ ਹੀ ਘੱਟ ਉਥੇ ਆਪਣੇ ਵਾਹਨਾਂ ਨੂੰ ਪਾਰਕ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਟਰੈਫ਼ਿਕ ਵਿਭਾਗ ਵਲੀ ਭਾਰੀ ਜੱਦੋ ਜਹਿਦ ਕਰਕੇ ਟਰੈਫ਼ਿਕ ਨੂੰ ਕੰਟਰੋਲ ਕੀਤਾ ਜਾਂਦਾ ਹੈ ਪਰ ਫ਼ਿਰ ਵੀ ਟਰੈਫ਼ਿਕ ਸਮੱਸਿਆ ਸ਼ਹਿਰ ਅੰਦਰ ਦਿਨ ਪ੍ਰਦੀ ਦਿਨ ਵਧਦੀ ਜਾ ਰਹੀ ਹੈ। ਸ਼ਹਿਰ ਵਾਸੀਆਂ ਨੇ ਪ੍ਰਸ਼ਾਸਨ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਵੱਲ ਵਿਸ਼ੇਸ਼ ਧਿਆਨ ਦੇ ਕੇ ਇਸ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ਤਾਂ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

ਦਿਨ-ਦਿਹਾੜੇ ਗੋਲੀਆਂ ਮਾਰ ਕੇ ਨੌਜਵਾਨ ਦੀ ਹੱਤਿਆ

ਬੁਲ੍ਹੋਵਾਲ,ਹੁਸ਼ਿਆਰਪੁਰ (ਵਿਰਦੀ, ਓ ਪੀ ਰਾਣਾ, ਬੀ ਐਸ ਸੈਣੀ)- ਬੁਲ੍ਹੋਵਾਲ ਨਜ਼ਦੀਕ ਅੱਡਾ ਦੁਸੜਕਾ ਵਿਖੇ ਦਿਨ ਚੜ੍ਹਦਿਆਂ ਹੀ ਕਾਜਲ ਅਰਥ ਮੂਵਰ ਦੇ ਮਾਲਕ ਅਤੇ ਪਿੰਡ ਡਡਿਆਣਾ ਕਲਾਂ ਦੇ ਸਰਪੰਚ ਸੰਦੀਪ ਸਿੰਘ ਕਾਜਲ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪ੍ਰਧਾਨ ਰਹੇ ਅਤੇ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਸੰਦੀਪ ਸਿੰਘ ਚੀਨਾ ਕਾਜਲ ਆਪਣੇ ਦਫਤਰ ਦੁਸੜਕਾ ਵਿਖੇ ਸਵੇਰੇ ਚਾਹ ਪੀ ਰਹੇ ਸਨ ਤਾਂ ਤਿੰਨ ਮੋਟਰਸਾਇਕਲ ਸਵਾਰ ਨੌਜਵਾਨਾਂ ਨੇ ਕੋਲ ਆਉਂਦਿਆਂ ਹੀ ਅੰਨ੍ਹੇਵਾਹ ਗੋਲੀਆ ਚਲਾਈਆਂ। ਜਿਸ ਕਾਰਨ ਆਗੂ ਸੰਦੀਪ ਸਿੰਘ ਨੂੰ ਹੁਸ਼ਿਆਰਪੁਰ ਦੇ ਇੱਕ ਨਿੱਜੀ ਹਸਪਤਾਲ ਲਜਾਇਆ ਗਿਆ ਜਿੱਥੇ ਡਾਕਟਰੀ ਟੀਮ ਵਲੋਂ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਇਸ ਨਾਲ ਇਲਾਕੇ ਵਿੱਚ ਸੋਗ ਅਤੇ ਸਹਿਮ ਦੀ ਲਹਿਰ ਫੈਲ ਗਈ।

ਮ੍ਰਿਤਕ ਦੀ ਫਾਈਲ ਫੋਟੋ

ਈ ਟੀ ਓ ਨੇ 20 ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਦਿੱਤੇ ਕਰੀਬ 1 ਕਰੋੜ ਦੇ ਚੈੱਕ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸੂਬੇ ਭਰ ਵਿਚ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ ਅਤੇ ਵਿਕਾਸ ਕਾਰਜਾਂ ਲਈ ਸਰਕਾਰ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ ਬਲਾਕ ਜੰਡਿਆਲਾ ਅਤੇ ਤਰਸਿੱਕਾ ਦੇ 20 ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਵੇਕੀ ਫੰਡ ਵਿੱਚੋਂ 1 ਕਰੋੜ 3 ਲੱਖ ਰੁਪਏ ਦੇ ਚੈੱਕ ਤਕਸੀਮ ਕਰਨ ਸਮੇਂ ਕੀਤਾ ।ਉਨ੍ਹਾਂ ਦੱਸਿਆ ਕਿ ਇਸ ਗਰਾਂਟ ਨਾਲ ਪੰਚਾਇਤਾਂ ਆਪਣੇ ਪਿੰਡਾਂ ਵਿਚ ਗਲੀਆਂ-ਨਾਲੀਆਂ, ਛੱਪੜਾਂ ਅਤੇ ਫਿਰਨੀਆਂ ਦਾ ਕੰਮ ਕਰਵਾ ਸਕਦੀਆਂ ਹਨ ।ਈਟੀਓ ਨੇ ਕਿਹਾ ਕਿ ਇਸ ਤੋ ਪਹਿਲਾਂ ਵੀ ਆਪਣੀ ਵਿਵੇਕੀ ਗਰਾਂਟ ਵਿੱਚੋਂ 1.5 ਕਰੋੜ ਰੁਪਏ ਦੇ ਫੰਡਜ਼ ਵੱਖ-ਵੱਖ ਪੰਚਾਇਤਾਂ ਨੂੰ ਵੰਡੇ ਗਏ ਸਨ ।ਉਨ੍ਹਾਂ ਕਿਹਾ ਕਿ ਜੰਡਿਆਲਾ ਗੁਰੂ ਹਲਕੇ ਦੇ ਸਾਰੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਜ਼ਲਦੀ ਹੀ ਫੰਡਜ਼ ਮੁਹੱਈਆ ਕਰਵਾਏ ਜਾਣਗੇ ।ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਵਿਕਾਸ ਵਿਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਜੰਡਿਆਲਾ ਗੁਰੂ ਹਲਕੇ ਨੂੰ ਵਿਕਾਸ ਪੱਖੋਂ ਸੱਖਣਾ ਨਹੀਂ ਰਹਿਣ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਿੰਡਾਂ ਦੇ ਵਿਕਾਸ ਲਈ ਕੋਈ ਧਿਆਨ ਨਹੀ ਦਿੱਤਾ ।ਇਸ ਮੌਕੇ ਈਟੀਓ ਵੱਲੋਂ 20 ਪਿੰਡਾਂ ਦੇ ਨੌਜਵਾਨਾਂ ਨੂੰ ਖੇਡ ਕਿੱਟਾਂ ਦੀ ਵੰਡ ਵੀ ਕੀਤੀ ਗਏ ਅਤੇ ਦੱਸਿਆ ਕਿ ਹਰੇਕ ਪਿੰਡ ਵਿਚ ਖੇਡ ਸਟੇਡੀਅਮ ਬਣਾਏ ਜਾਣਗੇ ਤੇ ਖੇਡ ਕਿੱਟਾਂ ਵੀ ਦਿੱਤੀਆਂ ਜਾਣਗੀਆਂ ।ਉਨ੍ਹਾਂ ਕਿਹਾ ਕਿ ਇਸ ਨਾਲ ਨੋਜਵਾਨ ਖੇਡਾਂ ਨਾਲ ਜੁੜਣਗੇ ਅਤੇ ਨਸ਼ਿਆਂ ਤੋ ਦੂਰ ਰਹਿਣਗੇ।ਉਨ੍ਹਾਂ ਕਿਹਾ ਕਿ ਦੇਸ਼ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਾਡੀ ਸਰਕਾਰ ਨੇ ਪ੍ਰਾਈਵੇਟ ਕੰਪਨੀ ਤੋ ਗੋਇੰਦਵਾਲ ਥਰਮਲ ਪਲਾਂਟ ਨੂੰ ਖਰੀਦ ਕੇ ਸਰਕਾਰੀ ਕਰ ਦਿੱਤਾ ਹੈ ਅਤੇ ਹੁਣ ਇਸ ਪਲਾਂਟ ਨੂੰ ਪ੍ਰਾਈਵੇਟ ਨਹੀ ਬਲਕਿ ਸਰਕਾਰੀ ਪਲਾਂਟ ਵਜੋ ਜਾਣਿਆ ਜਾਵੇਗਾ। ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ 43 ਸਰਕਾਰੀ ਸੇਵਾਵਾਂ ਘਰ ਬੈਠੇ ਹੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਲੋਕਾਂ ਨੂੰ ਸਰਕਾਰੀ ਦਫਤਰਾਂ ਦੇ ਚੱਕਰ ਨਾ ਮਾਰਨੇ ਪੈਣ ਅਤੇ ਇਕ ਟੈਲੀਫੋਨ ਕਾਲ 'ਤੇ ਹੀ ਉਹ ਆਪਣਾ ਕਰਵਾ ਸਕਣ।ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਹੀ ਸਰਕਾਰ ਤੁਹਾਡੇ ਦੁਆਰ ਤਹਿਤ ਪਿੰਡਾਂ ਵਿਚ ਕੈਂਪ ਲਗਾ ਕੇ ਮੌਕੇ 'ਤੇ ਹੀ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕੀਤਾ ਜਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸੂਬੇ ਦੇ ਲੋਕਾਂ ਦੀ ਭਲਾਈ ਲਈ ਅਸੀ ਲਗਾਤਾਰ ਕੰਮ ਕਰ ਰਹੇ ਹਾਂ ਤਾਂ ਜੋ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕੇ ।ਇਸ ਮੌਕੇ ਚੇਅਰਮੈਨ ਸ਼ਨਾਖ ਸਿੰਘ, ਸੁਨੈਨਾ ਰੰਧਾਵਾ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸਤਿੰਦਰ ਸਿੰਘ, ਬਲਾਕ ਪ੍ਰਧਾਨ ਸਰਬਜੀਤ ਡਿੰਪੀ, ਮੇਜਰ ਸਿੰਘ ਸੈਦੋ ਲਹਿਲ ਤੋ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ ।

ਰੋਟੇਰੀਅਨ ਦਵਿੰਦਰ ਕੁਮਾਰ ਪ੍ਰਧਾਨ ਤੇ ਮਨਦੀਪ ਸਿੰਘ ਸਕੱਤਰ ਚੁਣੇ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਰੋਟਰੀ ਕਲੱਬ ਹੁਸ਼ਿਆਰਪੁਰ ਸੈਂਟਰਲ ਦੇ ਪ੍ਰੈਸ ਸਕੱਤਰ ਨਰੇਸ਼ ਕੁਮਾਰ ਸਾਬਾ ਨੇ ਇਕ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਕਲੱਬ ਦੀ ਇਕ ਵਿਸ਼ੇਸ਼ ਮੀਟਿੰਗ ਹੋਟਲ ਫਾਈਨ ਡਾਈਨ ਵਿਖੇ ਹੋਈ। ਇਹ ਮੀਟਿੰਗ ਕਲੱਬ ਦੇ ਪ੍ਰਧਾਨ ਰੋਟੇਰੀਅਨ ਜਰਨੈਲ ਸਿੰਘ ਧੀਰ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੀਟਿੰਗ ਵਿੱਚ ਕਲੱਬ ਦੇ ਉਪ-ਪ੍ਰਧਾਨ ਹਰਸ਼ਵਿੰਦਰ ਸਿੰਘ ਅਤੇ ਸਹਾਇਕ ਗਵਰਨਰ ਭੁਪਿੰਦਰ ਕੁਮਾਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਤੇ ਰੋਟੇਰੀਅਨ ਦਵਿੰਦਰ ਕੁਮਾਰ ਨੂੰ ਸਰਬਸੰਮਤੀ ਨਾਲ 2024-25 ਦੇ ਲਈ ਪ੍ਰਧਾਨ ਅਤੇ ਮਨਦੀਪ ਸਿੰਘ ਨੂੰ ਸਕੱਤਰ ਚੁਣਿਆ ਗਿਆ। ਇਸ ਮੌਕੇ 'ਤੇ ਨਵੇਂ ਚੁਣੇ ਗਏ ਪ੍ਰਧਾਨ ਦਵਿੰਦਰ ਕੁਮਾਰ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜਿਹੜੀ ਜ਼ਿੰਮੇਦਾਰੀ ਤੁਹਾਡੇ ਵਲੋਂ ਮੈਨੂੰ ਸੌਂਪੀ ਗਈ ਹੈ ਉਸ ਨੂੰ ਤਨ-ਮਨ-ਧਨ ਨਾਲ ਨਿਭਾਵਾਂਗਾ। ਸਮੂਹ ਮੈਂਬਰਾਂ ਨੇ ਦਵਿੰਦਰ ਕੁਮਾਰ ਨੂੰ ਵਧਾਈ ਦਿੱਤੀ ਅਤੇ ਫੁੱਲਾਂ ਦਾ ਹਾਰ ਪਾ ਕੇ ਸਵਾਗਤ ਕੀਤਾ। ਇਸ ਮੌਕੇ ਤੇ ਸੰਦੀਪ ਸਹਿਗਲ ਸਕੱਤਰ, ਰਾਜਨ ਸੈਣੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੀਟਿੰਗ ਵਿੱਚ ਵਿਜੈ ਕੁਮਾਰ ਚੌਧਰੀ, ਕੁਲਦੀਪ ਸਿੰਘ ਪੱਤੀ, ਨਰੇਸ਼ ਕੁਮਾਰ ਹਾਂਡਾ, ਰਣਜੀਤ ਕੁਤਾਰ ਆਦਿ ਮੌਜੂਦ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਕਾਉਂਕੇ ਕਤਲ ਮਾਮਲੇ 'ਚ ਕਾਨੂੰਨੀ ਕਾਰਵਾਈ ਲਈ ਮਾਹਰਾਂ ਦੀ ਕਮੇਟੀ ਗਠਤ

ਕਾਨੂੰਨੀ ਪਹਿਲੂਆਂ ਨੂੰ ਵਿਚਾਰ ਕੇ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਮਾਮਲੇ ਵਿੱਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੇ ਗਏ ਆਦੇਸ਼ ਅਨੁਸਾਰ ਕਾਨੂੰਨੀ ਕਾਰਵਾਈ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਨੂੰਨੀ ਮਾਹਰਾਂ ਦੀ ਪੰਜ-ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ ਦੀ ਅਗਵਾਈ ਵਿੱਚ ਬਣਾਈ ਗਈ ਇਸ ਕਮੇਟੀ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਐਡਵੋਕੇਟ ਪੁਨੀਤ ਕੌਰ ਸੇਖੋਂ, ਜਲੰਧਰ ਦੇ ਸਾਬਕਾ ਜ਼ਿਲ੍ਹਾ ਅਟਾਰਨੀ ਐਡਵੋਕੇਟ ਬਲਤੇਜ ਸਿੰਘ ਢਿੱਲੋਂ, ਹੁਸ਼ਿਆਰਪੁਰ ਦੇ ਸਾਬਕਾ ਜ਼ਿਲ੍ਹਾ ਅਟਾਰਨੀ ਐਡਵੋਕੇਟ ਅਮਰਜੀਤ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਸ਼ਾਮਲ ਕੀਤੇ ਹਨ। ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਾਰੀ ਕੀਤੇ ਗਏ ਬਿਆਨ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਜਥੇਦਾਰ ਕਾਉਂਕੇ ਦੇ ਕਤਲ ਸਬੰਧੀ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਕਿਹਾ ਗਿਆ ਸੀ। ਇਸ 'ਤੇ ਤੁਰੰਤ ਅਮਲ ਕਰਦਿਆਂ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਅਤੇ ਭਾਈ ਗੁਰਚਰਨ ਸਿੰਘ ਗਰੇਵਾਲ ਨੂੰ ਜਥੇਦਾਰ ਕਾਉਂਕੇ ਦੇ ਪਰਵਾਰ ਨਾਲ ਮੁਲਾਕਾਤ ਕਰਨ ਵਾਸਤੇ ਭੇਜਿਆ ਗਿਆ ਸੀ ਅਤੇ ਹੁਣ ਇਸ ਮਾਮਲੇ ਸਬੰਧੀ ਇੱਕ ਉੱਚ ਪੱਧਰੀ ਕਨੂੰਨੀ ਕਮੇਟੀ ਬਣਾਈ ਗਈ ਹੈ। ਉਨ੍ਹਾ ਦੱਸਿਆ ਕਿ ਸ਼੍ਰੋਮਣੀ ਕਮੇਟੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਾਤਲਾਂ ਵਿਰੁੱਧ ਪੁਖਤਾ ਕਾਰਵਾਈ ਨੂੰ ਅਮਲ ਵਿੱਚ ਲਿਆਵੇਗੀ। ਧਾਮੀ ਨੇ ਕਿਹਾ ਕਿ ਬਣਾਈ ਗਈ ਇਹ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭੇਜੀ ਗਈ ਤਿਵਾੜੀ ਵਾਲੀ ਰਿਪੋਰਟ ਦੀ ਮੁਕੰਮਲ ਘੋਖ ਕਰਕੇ ਕਨੂੰਨੀ ਕਾਰਵਾਈ ਕਰੇਗੀ। ਉਨ੍ਹਾ ਸਪਸ਼ਟ ਕਿਹਾ ਕਿ ਇਸ ਸਬੰਧ ਵਿੱਚ ਕੋਈ ਢਿੱਲ ਨਹੀਂ ਰਹਿਣ ਦਿੱਤੀ ਜਾਵੇਗੀ।

ਗੁਰਦੁਆਰਾ ਸਿੰਘ ਸਭਾ ਮੁਹੱਲਾ ਧਰਮਪੁਰਾ ਤੋਂ ਸਜਾਇਆ ਨਗਰ ਕੀਰਤਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਲੈ ਕੇ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ ਮੁਹੱਲਾ ਧਰਮਪੁਰਾ ਤੋਂ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘਾਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਰਵਾਨਾ ਹੋਇਆ। ਇਸ ਨਗਰ ਕੀਰਤਨ ਵਿੱਚ ਨਿਹੰਗਾਂ ਸਿੰਘਾਂ ਵੱਲੋਂ ਗਤਕੇ ਦੇ ਜੌਹਰ ਵਿਖਾਏ ਗਏ। ਕਾਦੀਆਂ ਦੇ ਤਕਰੀਬਨ ਸਾਰੇ ਹੀ ਸਕੂਲਾਂ ਦੇ ਬੱਚਿਆਂ ਅਤੇ ਨਾਲ ਚੱਲ ਰਹੀਆਂ ਸੰਗਤਾਂ ਵੱਲੋਂ ਸ਼ਬਦ ਕੀਰਤਨ ਅਤੇ ਗੁਰਬਾਣੀ ਗੁਣਗਾਨ ਕੀਤਾ ਜਾ ਰਿਹਾ ਸੀ ਅਤੇ ਨਗਰ ਕੀਰਤਨ ਦੇ ਰਸਤੇ ਵਿੱਚ ਚਾਹ ਪਾਣੀ ਦੇ ਲੰਗਰ ਵੀ ਲਗਾਏ ਗਏ। ਇਹ ਨਗਰ ਕੀਰਤਨ ਸ਼ਹਿਰ ਕਾਦੀਆਂ ਦੇ ਵੱਖ ਵੱਖ ਹਿੱਸਿਆਂ ਤੋਂ ਹੁੰਦਾ ਹੋਇਆ ਬੁੱਟਰ ਰੋਡ, ਕਾਲਜ ਰੋਡ ਤੇ ਰੇਲਵੇ ਰੋਡ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਥਾਣੇ ਵਾਲਾ ਚੌਕ, ਛੋਟਾ ਬਿਜਲੀ ਘਰ ਚੌਕ ਅਤੇ ਪ੍ਰਭਾਕਰ ਚੌਕ ਅਤੇ ਬੱਸ ਸਟੈਂਡ ਤੋਂ ਹੁੰ

5-jan-PAGE-4.qxd 1/4/2024 10:56 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 5 ਜਨਵਰੀ 2024

‘ਰੱਬ ਦੇ ਆਪਣੇ ਦੇਸ਼’ ’ਚ ‘ਫੁੱਟਬਾਲ ਦੇ ਰੱਬ’

ਅੱਤ ਦੀ ਕੁਦਰਤੀ ਸੁੰਦਰਤਾ ਵਾਲਾ ਰਾਜ ਕੇਰਲਾ ‘ਰੱਬ ਦਾ ਆਪਣਾ ਦੇਸ਼’ ਵਜੋਂ ਮਸ਼ਹੂਰ ਹੈ। ਇਸ ਨੂੰ ਹੋਰ ਚਾਰ ਚੰਨ ਲੱਗ ਜਾਣਗੇ, ਜਦੋਂ ‘ਫੁੱਟਬਾਲ ਦੇ ਰੱਬਾਂ’ ਦੀ ਵਿਸ਼ਵ ਫੁੱਟਬਾਲ ਚੈਂਪੀਅਨ ਅਰਜਨਟੀਨਾ ਦੀ ਟੀਮ ਇੱਥੇ ਦੋਸਤਾਨਾ ਮੈਚ ਖੇਡੇਗੀ। ਕੇਰਲਾ ਦੇ ਖੇਡ ਮੰਤਰੀ ਵੀ ਅਬਦੁਰਹੀਮਨ ਨੇ ਪੁਸ਼ਟੀ ਕੀਤੀ ਹੈ ਕਿ ਅਰਜਨਟੀਨਾ ਫੁੱਟਬਾਲ ਐਸੋਸੀਏਸ਼ਨ ਨੇ ਟੀਮ ਘੱਲਣ ਦੀ ਹਾਮੀ ਭਰ ਦਿੱਤੀ ਹੈ। ਰਾਜ ਸਰਕਾਰ ਨੇ ਇਸ ਦਾ ਸੱਦਾ ਪਿਛਲੇ ਸਾਲ ਜੂਨ ਵਿਚ ਦਿੱਤਾ ਸੀ। ਰਾਜ ਸਰਕਾਰ ਹੁਣ ਕਰਾਰ ’ਤੇ ਦਸਤਖਤ ਕਰਨ ਦੀਆਂ ਤਿਆਰੀਆਂ ਕਰ ਰਹੀ ਹੈ। ਅਰਜਨਟੀਨਾ ਦਾ ਕੇਰਲਾ ਵਿਚ ਖੇਡਣਾ ਨਾ ਸਿਰਫ ਕੇਰਲਾ ਸਗੋਂ ਦੇਸ਼ ਭਰ ਦੇ ਫੁੱਟਬਾਲ ਪ੍ਰੇਮੀਆਂ ਨੂੰ ਭਰਪੂਰ ਆਨੰਦ ਦੇਵੇਗਾ। ਅਰਜਨਟੀਨਾ ਨੇ ਜੁਲਾਈ ਵਿਚ ਆਉਣ ਦੀ ਇੱਛਾ ਪ੍ਰਗਟਾਈ ਹੈ। ਕੇਰਲਾ ਲਈ ਸਮੱਸਿਆ ਇਹ ਹੈ ਕਿ ਉਦੋਂ ਮਾਨਸੂਨ ਜੋਬਨ ’ਤੇ ਹੁੰਦੀ ਹੈ। ਫਿਰ ਵੀ ਰਾਜ ਸਰਕਾਰ ਅਰਜਨਟੀਨਾ ਦੀ ਟੀਮ ਦੀ ਮੇਜ਼ਬਾਨੀ ਕਰਨ ਦਾ ਮੌਕਾ ਗੁਆਉਣਾ ਨਹੀਂ ਚਾਹੁੰਦੀ। ਉਸ ਦੀ ਕੋਸ਼ਿਸ਼ ਹੋਵੇਗੀ ਕਿ ਅਰਜਨਟੀਨਾ ਆਪਣੀ ਆਮਦ ਨੂੰ ਮਾਨਸੂਨ ਤੋਂ ਥੋੜ੍ਹਾ ਅੱਗੜ-ਪਿੱਛੜ ਕਰ ਲਵੇ। ਮੰਤਰੀ ਨੇ ਇਹ ਨਹੀਂ ਦੱਸਿਆ ਕਿ ਅਰਜਨਟੀਨਾ ਦੀ ਟੀਮ ਨੂੰ ਕਿੰਨਾ ਖਰਚਾ ਦੇਣਾ ਪਵੇਗਾ। ਹਾਲਾਂਕਿ ਦੱਸਿਆ ਇਹ ਜਾਂਦਾ ਹੈ ਕਿ ਉਹ 32 ਤੋਂ 40 ਕਰੋੜ ਤੱਕ ਲੈਂਦੀ ਹੈ। ਅਰਜਨਟੀਨਾ ਦੀ ਟੀਮ ਜੂਨ 2023 ਵਿਚ ਵੀ ਆਉਣਾ ਮੰਨ ਗਈ ਸੀ, ਪਰ ਆਲ ਇੰਡੀਆ ਫੁੱਟਬਾਲ ਐਸੋਸੀਏਸ਼ਨ ਉੱਚੀ ਕੀਮਤ ਤਾਰਨ ਲਈ ਰਾਜ਼ੀ ਨਹੀਂ ਹੋਈ ਸੀ ਤੇ ਫਿਰ ਉਹ ਜਕਾਰਤਾ ਵਿਚ ਇੰਡੋਨੇਸ਼ੀਆ ਅਤੇ ਬੀਜਿੰਗ ਵਿਚ ਆਸਟਰੇਲੀਆ ਨਾਲ ਦੋਸਤਾਨਾ ਮੈਚ ਖੇਡੀ ਸੀ। ਇੰਡੋਨੇਸ਼ੀਆ ਖਿਲਾਫ ਮਹਾਨ ਫੁੱਟਬਾਲਰ ਮੈਸੀ ਵੀ ਖੇਡਿਆ ਸੀ। ਉਂਜ ਅਰਜਨਟੀਨਾ ਦੀ ਟੀਮ 2011 ਵਿਚ ਕਲਕੱਤਾ ਦੇ ਸਾਲਟ ਲੇਕ ਸਟੇਡੀਅਮ ਵਿਚ ਵੈਨਜ਼ੁਏਲਾ ਖਿਲਾਫ ਦੋਸਤਾਨਾ ਮੈਚ ਖੇਡ ਚੁੱਕੀ ਹੈ, ਜਿੱਥੇ 85 ਹਜ਼ਾਰ ਦਰਸ਼ਕਾਂ ਸਾਹਵੇਂ ਮੈਸੀ ਨੇ ਗੋਲ ਕੀਤਾ ਸੀ। ਪੱਛਮੀ ਬੰਗਾਲ ਵਾਂਗ ਕੇਰਲਾ ਦੇ ਲੋਕ ਵੀ ਫੁੱਟਬਾਲ ਦੇ ਕਾਫੀ ਦੀਵਾਨੇ ਹਨ। ਕਤਰ ਵਿਚ 2022 ਵਿਚ ਹੋਏ ਵਿਸ਼ਵ ਕੱਪ ਦੌਰਾਨ ਉੱਥੇ ਕੰਮ ਕਰਦੇ ਕੇਰਲਾ ਦੇ ਲੋਕਾਂ ਦੇ ਨਾਲ-ਨਾਲ ਕੇਰਲਾ ਤੋਂ ਵੀ ਵੱਡੀ ਗਿਣਤੀ ਵਿਚ ਫੁੱਟਬਾਲ ਪ੍ਰੇਮੀ ਫੁੱਟਬਾਲ ਦੇ ਸਿਤਾਰਿਆਂ ਨੂੰ ਦੇਖਣ ਪੁੱਜੇ ਸਨ। ਵਿਸ਼ਵ ਕੱਪ ਦੌਰਾਨ ਕੇਰਲਾ ਵਿਚ ਮੇਲਿਆਂ ਵਰਗਾ ਮਾਹੌਲ ਹੁੰਦਾ ਹੈ। ਮੈਸੀ, ਰੋਨਾਲਡੋ ਤੇ ਨੇਮਾਰ ਜੂਨੀਅਰ ਦੇ ਵੱਡੇ-ਵੱਡੇ ਕੱਟਆਊਟ ਥਾਂ-ਥਾਂ ਨਜ਼ਰ ਆਉਂਦੇ ਹਨ। ਨਿੱਕੇ-ਨਿੱਕੇ ਪਿੰਡ ਫੈਨ ਪਾਰਕਾਂ ਬਣਾ ਕੇ ਵੱਡੀ ਸਕਰੀਨ ’ਤੇ ਮੈਚ ਦੇਖਦੇ ਹਨ। ਅਰਜਨਟੀਨਾ ਦੇ ਖਿਡਾਰੀਆਂ ਨੇ ਕੇਰਲਾ ਵਾਲਿਆਂ ਦੇ ਸੱਦੇ ਦਾ ਹਮੇਸ਼ਾ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਅਰਜਨਟੀਨਾ ਦਾ ਇਕ ਹੋਰ ਵਿਸ਼ਵ ਕੱਪ ਜੇਤੂ ਮਾਰਾਡੋਨਾ ਵੀ 2012 ਵਿਚ ਕਨੂੰਰ ਆਇਆ ਸੀ। ਪਹਿਲੀ ਵਾਰ ਜਦੋਂ ਉਹ 2008 ਵਿਚ ਕਲਕੱਤਾ ਆਇਆ ਸੀ ਤਾਂ ਉਸ ਦਾ ਫੁੱਟਬਾਲ ਪ੍ਰੇਮੀਆਂ ਨੇ ਯਾਦਗਾਰੀ ਸਵਾਗਤ ਕੀਤਾ ਸੀ। ਉਸ ਦਾ ਸ਼ਹਿਰ ਵਿਚ ਚੱਕਰ ਲੁਆਇਆ ਸੀ ਤਾਂ ਕਿ ਆਮ ਲੋਕ ਮਹਾਨ ਫੁੱਟਬਾਲਰ ਦਾ ਦੀਦਾਰ ਕਰ ਸਕਣ।

ਇਕ ਦੌਰ ਸੀ, ਜਦੋਂ ਭਾਰਤੀ ਫੁੱਟਬਾਲ ਟੀਮ ਦਾ ਵੀ ਜਲਵਾ ਹੁੰਦਾ ਸੀ। ਬਾਅਦ ਵਿਚ ਸਰਕਾਰਾਂ ਤੇ ਐਸੋਸੀਏਸ਼ਨਾਂ ਦੀ ਨਾਅਹਿਲੀ ਕਾਰਨ ਪਤਨ ਹੁੰਦਾ ਗਿਆ । ਹੁਣ ਕੁਝ-ਕੁਝ ਸੁਧਾਰ ਨਜ਼ਰ ਆ ਰਿਹਾ ਹੈ। ਅਰਜਨਟੀਨਾ ਦੇ ਸਿਤਾਰਿਆਂ ਦੇ ਕੇਰਲਾ ਆਉਣ ਨਾਲ ਮੁੰਡਿਆਂ ਵਿਚ ਫੁੱਟਬਾਲ ਦੀ ਚਿਣਗ ਪੈਦਾ ਕਰਨ ਵਿਚ ਸਹਾਇਤਾ ਮਿਲੇਗੀ। ਕੇਰਲਾ ਤੇ ਪੱਛਮੀ ਬੰਗਾਲ ਵਾਂਗ ਪੰਜਾਬ ਦਾ ਵੀ ਫੁੱਟਬਾਲ ਵਿਚ ਕਾਫੀ ਨਾਂਅ ਰਿਹਾ ਹੈ। ਇਸ ਨੇ ਇੰਦਰ ਸਿੰਘ ਇੰਦਰਾ, ਜਰਨੈਲ ਸਿੰਘ, ਮਨਜੀਤ ਸਿੰਘ, ਸੁਖਵਿੰਦਰ ਸਿੰਘ, ਪਰਮਿੰਦਰ ਸਿੰਘ, ਨਰਿੰਦਰ, ਗੁਰਪ੍ਰੀਤ ਸਿੰਘ ਸੰਧੂ ਤੇ ਅਨਵਰ ਅਲੀ ਵਰਗੇ ਫੁੱਟਬਾਲਰ ਪੈਦਾ ਕੀਤੇ ਹਨ, ਪਰ ਅੱਜਕੱਲ੍ਹ ਪੰਜਾਬ ਵਿਚ ਅਜਿਹੇ ਟੂਰਨਾਮੈਂਟ ਨਹੀਂ ਹੁੰਦੇ, ਜਿਨ੍ਹਾਂ ਨੂੰ ਦੇਖ ਕੇ ਮੁੰਡਿਆਂ ਦੇ ਦਿਲਾਂ ਵਿਚ ਫੁੱਟਬਾਲ ਖੇਡਣ ਦਾ ਵਲਵਲਾ ਪੈਦਾ ਹੋਵੇ। ‘ਰੱਬ ਦਾ ਆਪਣਾ ਦੇਸ਼’ ਕੇਰਲਾ ਅਰਜਨਟੀਨਾ ਨੂੰ ਸੱਦ ਕੇ ਫੁੱਟਬਾਲ ਨੂੰ ਹੋਰ ਹਰਮਨਪਿਆਰਾ ਬਣਾਉਣ ਦਾ ਜਤਨ ਕਰ ਰਿਹਾ ਹੈ। ਚੰਗਾ ਹੋਵੇਗਾ ਜੇ ‘ਗੁਰੂਆਂ ਦੀ ਧਰਤੀ’ ਪੰਜਾਬ ਦੀ ਸਰਕਾਰ ਵੀ ਅਰਜਨਟੀਨਾ ਦੀ ਫੁੱਟਬਾਲ ਐਸੋਸੀਏਸ਼ਨ ਨਾਲ ਗੱਲ ਕਰਕੇ ਉਸ ਨੂੰ ਪੰਜਾਬ ਵਿਚ ਇਕ ਦੋਸਤਾਨਾ ਮੈਚ ਖੇਡਣ ਲਈ ਮਨਾ ਲਵੇ। ਇਹ ਸੰਭਵ ਹੋ ਜਾਵੇ ਤਾਂ ਪੰਜਾਬ ਵਿਚ ਫੁੱਟਬਾਲ ਦੀ ਖੇਡ ਨੂੰ ਕਾਫੀ ਹੁਲਾਰਾ ਮਿਲ ਸਕਦਾ ਹੈ।

ਗ਼ਰੀਬੀ ਤੇ ਸਮਾਜਿਕ ਅਸਮਾਨਤਾ ਦੂਰ ਕਰਨ ਲਈ ਕਾਰਪੋਰੇਟ ਤੋਂ ਛੁਟਕਾਰਾ ਜ਼ਰੂਰੀ

ਪਵਨ ਕੁਮਾਰ ਕੌਸ਼ਲ

ਆਰਥਿਕ ਵਿਕਾਸ ਲਈ ਚਾਰ ਮਹੱਤਵਪੂਰਨ ਖੇਤਰ ਹਨ, ਖੇਤੀ ਕਾਰੋਬਾਰ, ਤੇਲ, ਹਥਿਆਰ ਅਤੇ ਵੱਡੇ ਫਾਰਮ। ਖੇਤੀ ਅਤੇ ਤੇਲ ਸਭ ਤੋਂ ਮਹੱਤਵਪੂਰਨ ਹੈ। ਭਾਵੇਂ ਕੋਈ ਵੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਵਿਵਸਥਾ ਹੋਵੇ। ਹਥਿਆਰ ਸਾਮਰਾਜਵਾਦੀ ਤਾਕਤਾਂ ਲਈ ਕੱਚੇ ਮਾਲ ਲਈ ਆਪਣਾ ਖੇਤਰ ਵਧਾਉਣ ਤੇ ਕਮਜ਼ੋਰ ਮੁਲਕਾਂ ਨੂੰ ਆਪਣੇ ਅਧੀਨ ਕਰਨ ਲਈ ਵਰਤੇ ਜਾਂਦੇ ਹਨ। ਵੱਡੇ ਫਾਰਮ ਛੋਟੀ ਕਿਸਾਨੀ ਨੂੰ ਖੇਤੀ ਕਿੱਤੇ ’ਚੋਂ ਬਾਹਰ ਕਰਨ ਲਈ ਜ਼ਰੂਰੀ ਹੁੰਦੇ ਹਨ।

ਵਿਸ਼ਵ ਬੈਂਕ ਦਾ ਕਹਿਣਾ ਹੈ ਕਿ ਕੋਵਿਡ ਨੀਤੀਆਂ ਕਾਰਨ 2020 ਵਿੱਚ ਅਤਿ ਗਰੀਬੀ ਵਿੱਚ ਧੱਕੇ ਗਏ 70 ਕਰੋੜ ਲੋਕਾਂ ਵਿੱਚੋਂ ਲੱਗਭੱਗ 80% ਯਾਨੀ 56 ਕਰੋੜ ਲੋਕ ਭਾਰਤ ਦੇ ਸਨ। ਵਿਸ਼ਵ ਪੱਧਰ ’ਤੇ, 2020 ਵਿੱਚ ਅਤਿ ਗਰੀਬੀ ਦੇ ਪੱਧਰ ਵਿੱਚ 9.3 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

2022 ਵਿੱਚ ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ ਕੇਵਲ ਉਸੇ ਸਾਲ ਵਿੱਚ ਦੁਨੀਆ ਭਰ ਦੇ ਇੱਕ ਅਰਬ ਲੋਕਾਂ ਦਾ ਇੱਕ ਚੌਥਾਈ ਹਿੱਸਾ ਪੂਰਨ ਗਰੀਬੀ ਵਿੱਚ ਧੱਕਿਆ ਜਾਵੇਗਾ। ਔਕਸਫੋਮ ਦੀ ਇੱਕ ਰਿਪੋਰਟ ਮੁਤਾਬਕ ਭਾਰਤੀ ਆਬਾਦੀ ਦੇ ਸਿਖਰਲੇ 10% ਕੋਲ ਕੁੱਲ ਰਾਸ਼ਟਰੀ ਦੌਲਤ ਦਾ 77% ਹੈ।

ਜਿੱਥੇ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥ ਵਿਵਸਥਾ ਵਿੱਚੋਂ ਇੱਕ ਹੈ, ਉੱਥੇ ਇਹ ਸਭ ਤੋਂ ਵੱਧ ਆਰਥਿਕ ਅਸਮਾਨਤਾ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਅਸਮਾਨਤਾ ਤੇਜ਼ੀ ਨਾਲ ਵਧ ਰਹੀ ਹੈ। ਸਭ ਤੋਂ ਅਮੀਰ ਲੋਕਾਂ ਨੇ ਕੁਨੀ ਪੂੰਜੀਵਾਦ ਅਤੇ ਵਿਰਾਸਤ ਦੁਆਰਾ ਪੈਦਾ ਕੀਤੀ ਦੌਲਤ ਦਾ ਇੱਕ ਵੱਡਾ ਹਿੱਸਾ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ।

‘ਭਾਰਤ ਦੇ ਮਾਮਲੇ ਵਿੱਚ ਖਾਸ ਤੌਰ ’ਤੇ ਚਿੰਤਾਜਨਕ ਗੱਲ ਇਹ ਹੈ ਕਿ ਆਰਥਿਕ ਅਸਮਾਨਤਾ ਅਜਿਹੇ ਸਮਾਜ ਵਿੱਚ ਸ਼ਾਮਲ ਕੀਤੀ ਜਾ ਰਹੀ ਹੈ, ਜੋ ਪਹਿਲਾਂ ਹੀ ਜਾਤ, ਧਰਮ, ਖੇਤਰ ਅਤੇ ਲਿੰਗ ਦੇ ਅਧਾਰ ’ਤੇ ਟੁੱਟਿਆ ਹੋਇਆ ਹੈ।’

ਜਦੋਂ ਕਿ ਭਾਰਤ ਸਰਕਾਰ ਆਪਣੇ ਸਭ ਤੋਂ ਅਮੀਰ ਨਾਗਰਿਕਾਂ ’ਤੇ ਬੜੀ ਮੁਸ਼ਕਿਲ ਨਾਲ ਟੈਕਸ ਲਗਾਉਂਦੀ ਹੈ, ਜਨਤਕ ਸਿਹਤ ਸੰਭਾਲ ’ਤੇ ਇਸ ਦਾ ਖਰਚ ਵਿਸ਼ਵ ਵਿੱਚ ਸਭ ਤੋਂ ਘੱਟ ਹੈ। ਇੱਕ ਚੰਗੀ-ਫੰਡ ਵਾਲੀ ਸਿਹਤ ਸੇਵਾ ਦੀ ਥਾਂ ’ਤੇ ਇਸ ਨੇ ਇੱਕ ਵਧਦੀ ਤਾਕਤਵਰ ਵਪਾਰਕ ਸਿਹਤ ਖੇਤਰ ਨੂੰ ਉਤਸ਼ਾਹਿਤ ਕੀਤਾ ਹੈ।

ਨਤੀਜੇ ਵਜੋਂ ਚੰਗੀ ਸਿਹਤ ਸੰਭਾਲ ਸਿਰਫ਼ ਉਹਨਾਂ ਲਈ ਉਪਲੱਬਧ ਹੈ, ਜਿਨ੍ਹਾਂ ਕੋਲ ਇਸ ਦਾ ਭੁਗਤਾਨ ਕਰਨ ਲਈ ਪੈਸਾ ਹੈ, ਜਦੋਂ ਕਿ ਇਹ ਦੇਸ਼ ਮੈਡੀਕਲ, ਸੈਰ-ਸਪਾਟਾ ਲਈ ਇੱਕ ਪ੍ਰਮੁੱਖ ਖੇਤਰ ਹੈ, ਸਭ ਤੋਂ ਗਰੀਬ ਭਾਰਤੀ ਰਾਜਾਂ ਵਿੱਚ ਉਪ-ਸਹਾਰਨ ਅਫਰੀਕਾ ਦੇ ਲੋਕਾਂ ਨਾਲੋਂ ਬਾਲ ਮੌਤ ਦਰ ਵੱਧ ਹੈ। ਵਿਸ਼ਵ-ਵਿਆਪੀ ਮਾਵਾਂ ਦੀ ਮੌਤ ਦਾ 17% ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ 21% ਮੌਤਾਂ ਭਾਰਤ ਵਿੱਚ ਹੁੰਦੀਆਂ ਹਨ।

ਬਰਤਾਨੀਆ/ਯੂ ਕੇ ਵਿੱਚ ਜੀਵਨ ਪੱਧਰ ਡਿੱਗ ਰਿਹਾ ਹੈ। ਉਦਾਹਰਣ ਲਈ, ਯੂ ਕੇ ਬਾਲਗਾਂ ਵਿੱਚੋਂ 28 ਪ੍ਰਤੀਸ਼ਤ ਨੇ ਕਿਹਾ ਕਿ ਉਹ ਸੰਤੁਲਿਤ ਭੋਜਨ ਖਾਣ ਦੇ ਸਮਰੱਥ ਨਹੀਂ ਹਨ। ਸੰਪੂਰਨ ਗਰੀਬੀ 2021-22 ਵਿੱਚ 17.2 ਪ੍ਰਤੀਸ਼ਤ ਤੋਂ ਵਧ ਕੇ 2023-24 ਵਿੱਚ 18.3 ਪ੍ਰਤੀਸ਼ਤ ਤੱਕ ਪਹੁੰਚ ਜਾਵੇਗੀ, ਜਿਸ ਨਾਲ ਹੋਰ 8 ਲੱਖ ਲੋਕਾਂ ਨੂੰ ਗਰੀਬੀ ਵਿੱਚ ਧੱਕਿਆ ਜਾਵੇਗਾ। ਇੰਗਲੈਂਡ ਵਿੱਚ 100,000 ਬੱਚਿਆਂ ਨੂੰ ਮੁਫਤ ਸਕੂਲੀ ਭੋਜਨ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਸੰਯੁਕਤ ਰਾਜ ਅਮਰੀਕਾ ਵਿੱਚ ਲੱਗਭੱਗ 3 ਕਰੋੜ ਘੱਟ ਆਮਦਨੀ ਵਾਲੇ ਲੋਕ ‘ਭੁੱਖਮਰੀ ਚੱਟਾਨ’ ਦੇ ਕਿਨਾਰੇ ’ਤੇ ਹਨ, ਕਿਉਂਕਿ ਉਨ੍ਹਾਂ ਦੀ ਸੰਘੀ ਭੋਜਨ ਸਹਾਇਤਾ ਦਾ ਇੱਕ ਹਿੱਸਾ ਖੋਹ ਲਿਆ ਗਿਆ ਹੈ। 2021 ਵਿੱਚ ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ ਅਮਰੀਕਾ ਵਿੱਚ ਅੱਠ ਵਿੱਚੋਂ ਇੱਕ ਬੱਚਾ ਭੁੱਖਾ ਰਹਿ ਰਿਹਾ ਹੈ।

ਇਸ ਦੌਰਾਨ ਅਮਰੀਕਾ ਦੀਆਂ ਲੱਗਭੱਗ 100 ਸਭ ਤੋਂ ਵੱਡੀਆਂ ਜਨਤਕ ਤੌਰ ’ਤੇ ਵਪਾਰ ਕਰਨ ਵਾਲੀਆਂ ਕੰਪਨੀਆਂ ਨੇ 2021 ਦਾ ਮੁਨਾਫਾ ਮਾਰਜਿਨ ਦਰਜ ਕੀਤਾ, ਜੋ ਉਨ੍ਹਾਂ ਦੇ 2019 ਦੇ ਪੱਧਰਾਂ ਨਾਲੋਂ ਘੱਟੋ-ਘੱਟ 50 ਪ੍ਰਤੀਸ਼ਤ ਵੱਧ ਸੀ।

ਸੰਯੁਕਤ ਰਾਸ਼ਟਰ ਦਾ ਅੰਦਾਜ਼ਾ ਹੈ ਕਿ ਦੁਨੀਆ ਦੇ 23 ਕਰੋੜ ਸਭ ਤੋਂ ਕਮਜ਼ੋਰ ਲੋਕਾਂ ਲਈ ਭੋਜਨ, ਆਸਰਾ ਅਤੇ ਜੀਵਨ ਬਚਾਉਣ ਲਈ ਸਿਰਫ 51.5 ਅਰਬ ਡਾਲਰ ਕਾਫ਼ੀ ਹੋਣਗੇ। ਅਨਾਜ, ਖਾਦ, ਮੀਟ ਅਤੇ ਡੇਅਰੀ ਖੇਤਰਾਂ ਵਿੱਚ 20 ਕਾਰਪੋਰੇਸ਼ਨਾਂ ਨੇ ਵਿੱਤੀ ਸਾਲਾਂ 2020 ਅਤੇ 2021 ਵਿੱਚ ਸ਼ੇਅਰਧਾਰਕਾਂ ਨੂੰ 53.5 ਅਰਬ ਡਾਲਰ ਪ੍ਰਦਾਨ ਕੀਤੇ ਹਨ।

ਗਲੋਬਲ ਵਿਟਨੈਸ ਨੇ ਪਾਇਆ ਕਿ ਪੰਜ ਸਭ ਤੋਂ ਵੱਡੀਆਂ ਏਕੀਕ੍ਰਿਤ ਪ੍ਰਾਈਵੇਟ ਸੈਕਟਰ ਦੀਆਂ ਤੇਲ ਅਤੇ ਗੈਸ ਕੰਪਨੀਆਂ - ਸ਼ੈਵਰੋਨ, ਐਕਸੋਨਮੋਬਿਲ, ਸ਼ੈੱਲ, ਬੀਪੀ ਅਤੇ ਟੋਟਲ ਐਨਰਜੀਜ਼ - ਦਾ 2022 ਦਾ ਸਾਲਾਨਾ ਮੁਨਾਫਾ 195 ਅਰਬ ਡਾਲਰ ਸੀ। 2021 ’ਤੇ ਲੱਗਭੱਗ 120% ਵੱਧ ਅਤੇ ਉਦਯੋਗ ਦੇ ਇਤਿਹਾਸ ਵਿੱਚ ਸਭ ਤੋਂ ਉੱਚਾ ਪੱਧਰ।

ਇਸ ਦਾ ਮਤਲਬ ਇਹ ਹੈ ਕਿ ਇਹਨਾਂ ਕੰਪਨੀਆਂ ਨੇ 134 ਅਰਬ ਵਾਧੂ ਮੁਨਾਫੇ ਵਿੱਚ ਕਮਾਏ, ਜੋ ਕਿ ਸਾਰੀਆਂ ਯੂਰਪੀਅਨ ਸਰਕਾਰਾਂ ਨੇ ਮਿਲ ਕੇ ਮੌਜੂਦਾ ਊਰਜਾ ਸੰਕਟ ਤੋਂ ਕਮਜ਼ੋਰ ਪਰਵਾਰਾਂ ਅਤੇ ਕਾਰੋਬਾਰਾਂ ਨੂੰ ਬਚਾਉਣ ਲਈ ਅਲਾਟ ਕੀਤੇ ਪੈਸੇ ਦਾ ਲੱਗਭੱਗ 20% ਕਵਰ ਕਰ ਸਕਦਾ ਹੈ।

ਮਈ 2021 ਵਿੱਚ ਇਹ ਰਿਪੋਰਟ ਕੀਤੀ ਗਈ ਸੀ ਕਿ ਕੋਵਿਡ ਟੀਕਿਆਂ ਨੇ ਘੱਟੋ-ਘੱਟ ਨੌਂ ਨਵੇਂ ਅਰਬਪਤੀ ਬਣਾਏ ਹਨ। ਪੀਪਲਜ਼ ਵੈਕਸੀਨ ਅਲਾਇੰਸ ਦੀ ਖੋਜ ਦੇ ਅਨੁਸਾਰ ਨਵੇਂ ਅਰਬਪਤੀਆਂ ਵਿੱਚ ਮੋਡਰਨਾ ਦੇ ਸੀ ਈ ਓ ਸਟੀਫਨ ਬੈਂਸਲ ਅਤੇ ਬਾਇਓਐਨਟੈਕ ਦੇ ਸੀ ਈ ਓ ਉਗਰ ਸਾਹੀਨ ਸ਼ਾਮਲ ਹਨ, ਜਿਸ ਨੇ ਫਾਈਜ਼ਰ ਨਾਲ ਇੱਕ ਟੀਕਾ ਤਿਆਰ ਕੀਤਾ ਹੈ। ਦੋਵੇਂ ਸੀ ਈ ਓ ਉਦੋਂ ਲੱਗਭੱਗ 4 ਖਰਬ ਦੇ ਸਨ। ਚੀਨ ਦੇ ਕੈਨਸਿਨੋ ਬਾਇਓਲੋਜਿਕਸ ਦੇ ਸੀਨੀਅਰ ਐਗਜ਼ੀਕਿਊਟਿਵ ਅਤੇ ਮੋਡਰਨਾ ਵਿੱਚ ਸ਼ੁਰੂਆਤੀ ਨਿਵੇਸ਼ਕ ਵੀ ਅਰਬਪਤੀ ਬਣ ਗਏ ਹਨ।

ਹਾਲਾਂਕਿ ਉਸ ਸਮੇਂ ਨੌਂ ਨਵੇਂ ਅਰਬਪਤੀਆਂ ਦੀ ਕੁੱਲ ਸੰਪਤੀ 19.3 ਅਰਬ ਡਾਲਰ ਸੀ, ਵੈਕਸੀਨਾਂ ਨੂੰ ਵੱਡੇ ਪੱਧਰ ’ਤੇ ਜਨਤਕ ਪੈਸੇ ਦੁਆਰਾ ਫੰਡ ਕੀਤਾ ਗਿਆ ਸੀ। ਉਦਾਹਰਣ ਦੇ ਲਈ ਸੀ ਐੱਨ ਐੱਨ ਦੁਆਰਾ ਮਈ 2021 ਦੀ ਇੱਕ ਰਿਪੋਰਟ ਦੇ ਅਨੁਸਾਰ ਨੂੰ ਵੈਕਸੀਨ ਦੇ ਵਿਕਾਸ ਲਈ ਜਰਮਨ ਸਰਕਾਰ ਤੋਂ 32.5 ਕਰੋੜ ਪ੍ਰਾਪਤ ਹੋਏ ਹਨ। ਕੰਪਨੀ ਨੇ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ 1.1 ਅਰਬ ਦਾ ਸ਼ੁੱਧ ਲਾਭ ਕਮਾਇਆ।

2021 ਵਿੱਚ ਕੋਵਿਡ ਵੈਕਸੀਨ ਦੇ ਮਾਲੀਏ ਵਿੱਚ 13.2 ਅਰਬ ਦੀ ਕਮਾਈ ਕਰਨ ਦੀ ਉਮੀਦ ਸੀ। ਕੰਪਨੀ ਨੇ ਆਪਣੀ ਵੈਕਸੀਨ ਦੇ ਵਿਕਾਸ ਲਈ ਅਮਰੀਕੀ ਸਰਕਾਰ ਤੋਂ ਅਰਬਾਂ ਡਾਲਰ ਫੰਡ ਪ੍ਰਾਪਤ ਕੀਤੇ ਹਨ।

ਮੌਜੂਦਾ ਸੰਕਟ ਬਾਰੇ ਸਿਰਫ ਇੱਕ ਹੀ ਚੀਜ਼ ਲਾਜ਼ਮੀ ਹੈ, ਉਹ ਸੀ ਕਰਜ਼ੇ ਨਾਲ ਭਰੇ, ਅਸਥਿਰ ਨਵਉਦਾਰਵਾਦ ਦਾ ਪਤਨ, ਜੋ ਕਿ ਅਤਿ-ਅਮੀਰਾਂ ਦੁਆਰਾ ਪੂਰੀ ਤਰ੍ਹਾਂ ਲੁੱਟ ਦੀ ਸਹੂਲਤ ਦੇਣ ਲਈ ਸਥਾਪਤ ਕੀਤਾ ਗਿਆ ਹੈ, ਜਿਨ੍ਹਾਂ ਨੇ ਲੁਕਵੇਂ ਖਾਤਿਆਂ ਵਿੱਚ 50 ਖਰਬ ਤੋਂ ਵੱਧ ਦੀ ਕਮਾਈ ਕੀਤੀ ਹੈ।

ਭਾਰਤ ਸਰਕਾਰ ਆਪਣੇ ਸਭ ਤੋਂ ਅਮੀਰ ਨਾਗਰਿਕਾਂ ’ਤੇ ਮੁਸ਼ਕਿਲ ਨਾਲ ਟੈਕਸ ਲਗਾਉਂਦੀ ਹੈ, ਜਨਤਕ ਸਿਹਤ ਸੰਭਾਲ ’ਤੇ ਇਸ ਦਾ ਖਰਚ ਵਿਸ਼ਵ ਵਿੱਚ ਸਭ ਤੋਂ ਘੱਟ ਹੈ। ਇੱਕ ਚੰਗੀ-ਫੰਡ ਵਾਲੀ ਸਿਹਤ ਸੇਵਾ ਦੀ ਥਾਂ ਇਸ ਨੇ ਇੱਕ ਵਧਦੀ ਤਾਕਤਵਰ ਵਪਾਰਕ ਸਿਹਤ ਖੇਤਰ ਨੂੰ ਉਤਸ਼ਾਹਿਤ ਕੀਤਾ ਹੈ।

ਨਤੀਜੇ ਵਜੋਂ ਚੰਗੀ ਸਿਹਤ ਸੰਭਾਲ ਸਿਰਫ਼ ਉਹਨਾਂ ਲਈ ਉਪਲੱਬਧ ਹੈ, ਜਿਨ੍ਹਾਂ ਕੋਲ ਇਸ ਦਾ ਭੁਗਤਾਨ ਕਰਨ ਲਈ ਪੈਸਾ ਹੈ, ਜਦੋਂ ਕਿ ਇਹ ਦੇਸ਼ ਮੈਡੀਕਲ ਸੈਰ-ਸਪਾਟਾ ਲਈ ਇੱਕ ਪ੍ਰਮੁੱਖ ਮੰਜ਼ਲ ਹੈ, ਸਭ ਤੋਂ ਗਰੀਬ ਭਾਰਤੀ ਰਾਜਾਂ ਵਿੱਚ ਉਪ-ਸਹਾਰਨ ਅਫਰੀਕਾ ਦੇ ਲੋਕਾਂ ਨਾਲੋਂ ਬਾਲ ਮੌਤ ਦਰ ਵੱਧ ਹੈ। ਵਿਸ਼ਵਵਿਆਪੀ ਮਾਵਾਂ ਦੀ ਮੌਤ ਦਾ 17% ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚ

5-JAN-PAGE-5.qxd 1/4/2024 10:50 PM Page 1

ਛਾਂਟੀ ਕੀਤੇ ਕਾਮੇ ਬਹਾਲ ਕਰਵਾਉਣ ਲਈ ਜੰਗਲਾਤ ਕਾਮਿਆਂ ਵੱਲੋਂ ਪੱਕਾ ਮੋਰਚਾ

16 ਨੂੰ ਦਿੜ੍ਹਬਾ 'ਚ ਕੀਤਾ ਜਾਵੇਗਾ ਰੋਸ ਮਾਰਚ ਤੇ 26 ਨੂੰ ਗਵਰਨਰ ਪੰਜਾਬ ਨੂੰ ਦਿੱਤਾ ਜਾਵੇਗਾ ਮੰਗ ਪੱਤਰ

ਪਟਿਆਲਾ (ਨ ਜ਼ ਸ)

ਮੰਡਲ ਅਫਸਰ ਜੰਗਲਾਤ ਪਟਿਆਲਾ ਵੱਲੋਂ ਪੰਜ ਪੰਜ ਸਾਲਾਂ ਤੋਂ ਵਿਭਾਗ ਅੰਦਰ ਕੰਮ ਕਰ ਰਹੇ ਜੰਗਲਾਤ ਕਾਮਿਆਂ ਨੂੰ ਨੌਕਰੀ ਤੋਂ ਕੱਢਣ ਕਾਰਨ ਕਾਮਿਆਂ ਵਿੱਚ ਭਾਰੀ ਰੋਸ ਦੀ ਲਹਿਰ ਫੈਲ ਗਈ ਹੈ, ਜਿਸ 'ਤੇ ਅੱਜ ਜੰਗਲਾਤ ਵਰਕਰਜ਼ ਯੂਨੀਅਨ ਦੀ ਅਗਵਾਈ ਵਿੱਚ ਸੈਂਕੜੇ ਕਾਮਿਆਂ ਵੱਲੋਂ ਵਣ ਮੰਡਲ ਅਫਸਰ ਪਟਿਆਲਾ ਦੇ ਖਿਲਾਫ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਦਿਨ-ਰਾਤ ਦਾ ਅਣਮਿੱਥੇ ਸਮੇਂ ਲਈ ਪੱਕਾ ਮੋਰਚਾ ਲਾ ਦਿੱਤਾ ਹੈ।ਪੱਕੇ ਮੋਰਚੇ 'ਤੇ ਬੈਠੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਜੰਗਲਾਤ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਸੌਜਾ, ਜਗਤਾਰ ਸਿੰਘ ਸ਼ਾਹਪੁਰ, ਸ਼ੇਰ ਸਿੰਘ ਸਰਹਿੰਦ, ਨਰੇਸ਼ ਪਟਿਆਲਾ, ਜੋਗਾ ਸਿੰਘ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਸੂਬਾ ਆਗੂ ਦਰਸ਼ਨ ਬੇਲੂਮਾਜਰਾ, ਲਖਵਿੰਦਰ ਸਿੰਘ ਖਾਨਪੁਰ, ਜਸਵੀਰ ਸਿੰਘ ਖੋਖਰ, ਹਰਬੀਰ ਸਿੰਘ ਸੁਨਾਮ, ਹਰਦੇਵ ਸਿੰਘ ਸਮਾਣਾ, ਚਿਤਾਵਨੀ ਦਿੱਤੀ ਕਿ ਜੇਕਰ ਛਾਂਟੀ ਕੀਤੇ ਕਾਮੇ ਬਹਾਲ ਨਾ ਕੀਤੇ ਤਾਂ ਜਿੱਥੇ ਵਣ ਮੰਡਲ ਦਫਤਰ ਦੇ ਅੱਗੇ ਮੰਡੀਕਰਨ ਵਰਕਰਜ਼ ਯੂਨੀਅਨ ਤੇ ਗੌਰਮਿੰਟ ਟੀਚਰਜ਼ ਯੂਨੀਅਨ ਨੇ ਇਸ ਸੰਘਰਸ਼ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਵਣ ਮੰਡਲ ਅਫਸਰ ਦੀਆਂ ਆਪਹੁਦਰੀਆਂ ਨੂੰ ਨੱਥ ਪਾਈ ਜਾਵੇ ਤੇ ਪੰਜਾਬ ਸਰਕਾਰ ਵੱਲੋਂ ਰੋਜ਼ਗਾਰ ਦੇਣ ਦੇ ਅਜੰਡੇ ਨੂੰ ਲਾਗੂ ਕਰਕੇ ਇਨ੍ਹਾਂ ਛਾਂਟੀਆਂ 'ਤੇ ਰੋਕ ਲਾਈ ਜਾਵੇ ਅਤੇ ਨਵੇਂ ਰੋਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ।ਅੱਜ ਦੇ ਰੋਸ ਧਰਨੇ ਵਿੱਚ ਰਾਜਿੰਦਰ ਸਿੰਘ ਧਾਲੀਵਾਲ, ਗੀਤ ਸਿੰਘ, ਨਰੇਸ਼ ਕੁਮਾਰ ਆਦਿ ਨੇ ਵੀ ਸ਼ਿਰਕਤ ਕੀਤੀ।

ਲਾਇਆ ਪੱਕਾ ਮੋਰਚਾ ਜਾਰੀ ਰਹੇਗਾ, ਉੱਥੇ 16 ਜਨਵਰੀ ਨੂੰ ਇਸ ਮਾਰੂ ਫੈਸਲੇ ਖਿਲਾਫ ਅਵਾਜ਼ ਬੁਲੰਦ ਕਰਨ ਲਈ ਵਿੱਤ ਮੰਤਰੀ ਦੇ ਹਲਕੇ ਦਿੜ੍ਹਬਾ ਵਿੱਚ ਰੋਸ ਮਾਰਚ ਕੱਢਿਆ ਜਾਵੇਗਾ ਅਤੇ 26 ਜਨਵਰੀ ਨੂੰ ਗਵਰਨਰ ਪੰਜਾਬ ਨੂੰ ਪਟਿਆਲਾ ਪਹੁੰਚਣ 'ਤੇ ਮੰਗ ਪੱਤਰ ਦਿੱਤਾ ਜਾਵੇਗਾ।

ਅੱਜ ਦੇ ਪੱਕੇ ਮੋਰਚੇ ਨੂੰ ਉਸ ਸਮੇਂ ਬਲ ਮਿਲਿਆ, ਜਦੋਂ ਪੰਜਾਬ ਸੁਬਾਰਡੀਨੇਟ ਨਾਲ ਸਬੰਧਤ ਜਥੇਬੰਦੀਆਂ, ਪੀ ਡਬਲਿਊ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ, ਪਸ਼ੂ ਪਾਲਣ ਵਰਕਰਜ਼ ਯੂਨੀਅਨ,

ਪੁਲਸ ਨੇ 12 ਘੰਟਿਆਂ 'ਚ ਸੁਲਝਾਈ ਅੰਨ੍ਹੇ ਕਤਲ ਦੀ ਗੁੱਥੀ, 2 ਗ੍ਰਿਫ਼ਤਾਰ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪਰਮਜੀਤ)- ਭਾਗੀਰਥ ਸਿੰਘ ਮੀਨਾ ਸੀਨੀਅਰ ਕਪਤਾਨ ਪੁਲਸ ਸ਼੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਸਬੀਰ ਸਿੰਘ ਪੰਨੂੰ ਉਪ ਕਪਤਾਨ ਪੁਲਸ ਗਿੱਦੜਬਾਹਾ ਤੇ ਅਮਰੀਕ ਸਿੰਘ ਡੀ.ਐੱਸ.ਪੀ ਹੋਮੀਸਾਈਡ ਐਂਡ ਫੋਰੈਂਸਿਕ ਦੀ ਯੋਗ ਅਗਵਾਈ ਹੇਠ ਇੰਸ: ਨਵਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਗਿੱਦੜਬਾਹਾ, ਇੰਸ: ਜਸਵੀਰ ਸਿੰਘ ਮੁੱਖ ਅਫਸਰ ਥਾਣਾ ਕੋਟਭਾਈ ਤੇ ਇੰਸ: ਗੁਰਵਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਸ੍ਰੀ ਮੁਕਤਸਰ ਸਾਹਿਬ ਵੱਲੋਂ ਵੱਖ ਵੱਖ ਟੀਮਾਂ ਬਣਾ ਕੇ 2-3 ਜਨਵਰੀ 2024 ਦੀ ਦਰਮਿਆਨੀ ਰਾਤ ਨੂੰ ਹੋਏ ਕਤਲ ਦੇ ਮਾਮਲੇ 'ਚ ਕਾਰਵਾਈ ਕਰਦੇ ਹੋਏ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐੱਸ ਐੱਸ ਪੀ ਭਾਗੀਰਥ ਸਿੰਘ ਮੀਨਾ ਜਾਣਕਾਰੀ ਦਿੰਦਿਆਂ ਦੱਸਿਆ ਕਿ 2-3 ਜਨਵਰੀ 2024 ਦੀ ਦਰਮਿਆਨੀ ਰਾਤ ਨੂੰ ਕੁਝ ਵਿਅਕਤੀਆਂ ਵੱਲੋਂ ਜਸਵੀਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਹੁਸਨਰ ਦਾ ਕਤਲ ਕਰ ਦਿੱਤਾ, ਜਿਸ 'ਤੇ ਪੁਲਸ ਵੱਲੋਂ ਮ੍ਰਿਤਕ ਜਸਵੀਰ ਸਿੰਘ ਦੀ ਪਤਨੀ ਦੇ ਬਿਆਨਾਂ 'ਤੇ ਮੁਕੱਦਮਾ ਨੰਬਰ 02 ਮਿਤੀ 03.01.2024 ਅ/ਧ 302,34 ਹਿੰ:ਦੰ: ਥਾਣਾ ਗਿੱਦੜਬਾਹਾ ਖਿਲਾਫ 02 ਨਾ-ਮਾਲੂਮ ਵਿਅਕਤੀਆਂ 'ਤੇ ਦਰਜ ਕਰ ਤਫਤੀਸ਼ ਸ਼ੁਰੂ ਕਰ ਦਿੱਤੀ। ਤਫਤੀਸ਼ ਦੌਰਾਨ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ 12 ਘੰਟਿਆਂ ਵਿੱਚ ਹੱਲ ਕਰਕੇ ਕਤਲ ਦੇ ਦੋਨੇ ਦੋਸ਼ੀ ਗੁਰਜੀਤ ਸਿੰਘ ਪੁੱਤਰ ਗੁਰਸੇਵਕ ਸਿੰਘ ਵਾਸੀ ਢਾਣੀ ਕੂਕਿਆਂ ਵਾਲੀ ਫੱਕਰਸਰ ਤੇ ਬਲਜੀਤ ਸਿੰਘ ਉਰਫ ਬੱਬੀ ਪੁੱਤਰ ਬਲਵਿੰਦਰ ਸਿੰਘ ਵਾਸੀ ਵੱਡੀ ਸੱਥ ਪਿੰਡ ਗਿੱਦੜਬਾਹਾ ਨੂੰ ਕਾਬੂ ਕਰਕੇ ਵਕੂਆ ਮੱਕੇ ਵਰਤਿਆ ਹਥਿਆਰ ਰਾਡ ਲੋਹਾ ਤੇ ਇੱਕ ਮੋਟਰਸਾਈਕਲ ਬ੍ਰਾਮਦ ਕਰ ਲਏ ਹਨ।ਮੁੱਢਲੀ ਤਫਤੀਸ਼ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਇਨ੍ਹਾਂ ਨੇ ਇਹ ਵਾਰਦਾਤ ਸ਼ਰਾਬ ਦੇ ਨਸ਼ੇ ਵਿੱਚ ਅਚਾਨਕ ਹੋਈ ਬਹਿਸਬਾਜ਼ੀ ਕਰਕੇ ਕੀਤੀ ਹੈ।ਦੋਨੋਂ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ।

ਮਾਮਲਾ ਗੈਰ-ਮਿਆਰੀ ਦੇਸੀ ਘਿਓ ਦੀ ਵਿਕਰੀ ਦਾ

ਰਿਫਾਇੰਡ ਤੇ ਬਨਸਪਤੀ ਨਾਲ ਬਣਾਇਆ ਜਾ ਰਿਹੈ ਦੇਸੀ ਘਿਓ

ਮਲੋਟ (ਗੁਰਮੀਤ ਸਿੰਘ ਮੱਕੜ)

ਸਰਦੀਆਂ ਦਾ ਮੌਸਮ ਸ਼ੁਰੂ ਹੁੰਦੇ ਹੀ ਦੇਸੀ ਘਿਓ ਦੀ ਮੰਗ ਵਧਣ ਲੱਗੀ ਹੈ, ਕਿਉਂਕਿ ਸਰਦੀਆਂ ਵਿਚ ਦੇਸੀ ਘਿਓ ਸਿਹਤ ਲਈ ਲਾਹੇਵੰਦ ਸਾਬਤ ਹੁੰਦਾ ਹੈ ਅਤੇ ਸ਼ਹਿਰ ਵਾਸੀਆਂ ਦੀ ਦੇਸੀ ਘਿਓ ਦੀ ਮੰਗ ਨੂੰ ਦੇਖਦੇ ਹੋਏ ਮਿਲਾਵਟਖੋਰਾਂ ਵੱਲੋਂ ਗ਼ੈਰ ਮਿਆਰੀ ਦੇਸੀ ਘਿਓ ਤਿਆਰ ਕਰਕੇ ਪਰੋਸਿਆ ਜਾ ਰਿਹਾ ਹੈ, ਜੋ ਸ਼ਹਿਰ ਵਾਸੀਆਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਪ੍ਰੰਤੂ ਸਿਹਤ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।

ਸ਼ਹਿਰ 'ਚ ਵੇਚਿਆ ਜਾ ਰਿਹਾ ਗੈਰ ਮਿਆਰੀ ਦੇਸੀ ਘਿਓ।

ਜ਼ਿਕਰਯੋਗ ਹੈ ਕਿ ਬਨਸਪਤੀ ਘਿਓ ਵਿਚ ਰਿਫਾਇੰਡ ਘਿਓ ਮਿਲਾ ਕੇ ਦੇਸੀ ਘਿਓ ਤਿਆਰ ਕੀਤਾ ਜਾ ਰਿਹਾ ਹੈ ਤੇ ਦੇਸੀ ਘਿਓ ਵਰਗਾ ਸਵਾਦ ਦੇਣ ਲਈ ਇਸ ਘਿਓ ਵਿੱਚ ਕੈਮੀਕਲ ਮਿਲਾਏ ਜਾਂਦੇ ਹਨ, ਜਿਸ ਨਾਲ ਗੈਰ ਮਿਆਰੀ ਦੇਸੀ ਘਿਓ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਹ ਦੇਸੀ ਘਿਓ ਇੱਕ ਲੀਟਰ ਤੋਂ 100 ਮਿਲੀਲੀਟਰ ਦੀ ਪੈਕਿੰਗ ਵਿੱਚ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੁ ਇੱਕ ਗ਼ਰੀਬ ਵਿਅਕਤੀ ਵੀ ਇਸ ਮਿਲਾਵਟ ਤੋਂ ਬਚ ਨਾ ਸਕੇ। ਉਸ ਉਪਰੰਤ ਇਹ ਦੇਸੀ ਘਿਓ ਧੜਾਧੜ ਲੋਕਾਂ ਨੂੰ ਵੇਚਿਆ ਜਾਂਦਾ ਹੈ ਤੇ ਲੋਕਾਂ ਵਲੋਂ ਵੀ ਇਹ ਦੇਸੀ ਘਿਓ ਆਪਣੇ ਸਿਹਤਮੰਦ ਹੋਣ ਲਈ ਖਰੀਦਿਆ ਜਾਂਦਾ ਹੈ, ਪ੍ਰੰਤੂ ਉਲਟਾ ਲੋਕਾਂ ਨੂੰ ਰਿਫ਼ਾਇੰਡ ਘਿਓ ਅਤੇ ਬਨਸਪਤੀ ਘਿਓ ਹੀ ਖਵਾਇਆ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ, ਜਿਸ ਵਿੱਚ ਪੇਟ ਦੀਆਂ ਬਿਮਾਰੀਆਂ, ਕੈਂਸਰ ਆਦਿ ਹੋ ਸਕਦੀਆਂ ਹਨ। ਇਹ ਸਾਰਾ ਗੋਰਖਧੰਦਾ ਸਿਹਤ ਵਿਭਾਗ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ। ਦੁੱਧ ਤੇ ਇਸ ਤੋਂ ਬਣੀਆਂ ਵਸਤੂਆਂ ਦੀ ਵਿਕਰੀ ਜ਼ੋਰਾਂ 'ਤੇ ਹੈ। ਸ਼ਹਿਰ ਵਿੱਚ ਖੁੰਭਾਂ ਵਾਂਗ ਹੋਂਦ ਵਿਚ ਆਈਆਂ ਡੇਅਰੀਆਂ ਜਿਨ੍ਹਾਂ ਵਿਚ ਪੁਰਾਣਾ ਡਾਕਖਾਨਾ ਚੌਂਕ, ਕੈਂਪ, ਲੋਹਾ ਬਾਜ਼ਾਰ, ਤਿਕੋਣੀ ਚੌਂਕ, ਜੀ.ਟੀ. ਰੋਡ ਅਤੇ ਮੰਡੀ ਹਰਜੀ ਰਾਮ ਵਿਖੇ ਮਿਲਾਵਟੀ ਘਿਓ ਦੀ ਵਿਕਰੀ ਜ਼ੋਰਾਂ 'ਤੇ ਹੈ ਅਤੇ ਸ਼ਹਿਰ ਵਾਸੀਆਂ ਨੂੰ ਕੈਂਸਰ ਅਤੇ ਪੇਟ ਦੀਆਂ ਬਿਮਾਰੀਆਂ ਆਦਿ ਭਿਆਨਕ ਬਿਮਾਰੀਆਂ ਵੱਲ ਧਕੇਲਿਆ ਜਾ ਰਿਹਾ ਹੈ। ਜਦੋਂ ਇਸ ਸਬੰਧੀ ਮੁਕਤਸਰ ਜ਼ਿਲ੍ਹੇ ਦੇ ਜ਼ਿਲ੍ਹਾ ਸਿਹਤ ਅਫ਼ਸਰ ਦਪਿੰਦਰ ਕੁਮਾਰ ਨਾਲ ਸੰਪਰਕ ਕੀਤਾ ਤਾਂ ਉਹ ਇਹ ਦੱਸਣ ਵਿਚ ਅਸਮਰੱਥ ਰਹੇ ਕਿ ਪਿਛਲੇ ਸਮੇਂ ਵਿਚ ਘਿਓ ਦੇ ਕਿੰਨੇ ਨਮੂਨੇ ਲਏ ਗਏ ਹਨ, ਪ੍ਰੰਤੂ ਦੀਵਾਲੀ ਮੌਕੇ ਨਮੂਨੇ ਲੈਣ ਦੀ ਗੱਲ ਕਹਿ ਕੇ ਫ਼ੋਨ ਬੰਦ ਕਰ ਦਿੱਤਾ। ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਦੀ ਟੀਮ ਕੇਵਲ ਦੀਵਾਲੀ ਮੌਕੇ ਹੀ ਨਮੂਨੇ ਲੈਕੇ ਗੋਰਗਲੂਆਂ ਤੋਂ ਮਿੱਟੀ ਲਾਉਂਦੀ ਹੈ ਅਤੇ ਫ਼ਿਰ ਸਾਰਾ ਸਾਲ ਛੁੱਟੀ 'ਤੇ ਰਹਿੰਦੀ ਹੈ। ਸ਼ਹਿਰ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿਹਤ ਮੰਤਰੀ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਵਿਚ ਖਾਣ-ਪੀਣ ਦੀਆਂ ਮਿਆਰੀ ਵਸਤੂਆਂ ਦੀ ਸਪਲਾਈ ਯਕੀਨੀ ਬਣਾਈ ਜਾਵੇ ਅਤੇ ਸ਼ਹਿਰ ਵਾਸੀਆਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਸਬੰਧਤ ਵਿਭਾਗ ਦੇ ਅਫ਼ਸਰਾਂ 'ਤੇ ਕਾਰਵਾਈ ਕਰਦੇ ਹੋਏ ਦੂਰ-ਦੁਰਾਡੇ ਬਦਲਿਆ ਜਾਵੇ।

ਕਾਤਰਾਂ

ਪੰਜਾਬ ਖੱਤਰੀ ਸਭਾ ਦੀ ਜਨਰਲ ਮੀਟਿੰਗ ਹੋਈ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਪੰਜਾਬ ਖੱਤਰੀ ਸਭਾ ਦੇ ਚੇਅਰਮੈਨ ਦੀ ਮੀਟਿੰਗ ਹੋਈ। ਮੀਟਿੰਗ ਦਾ ਸੰਚਾਲਨ ਜਨਰਲ ਸਕੱਤਰ ਵਰਿੰਦਰ ਸਿੰਘ ਸਹਿਗਲ ਨੇ ਕੀਤਾ ਇਸ ਮੀਟਿੰਗ ਵਿੱਚ ਸਭਾ ਦਾ ਵਿਸਥਾਰ ਕੀਤਾ ਗਿਆ, ਜਿਸ ਵਿੱਚ ਪਰਧਾਨ ਅਬਰੋਲ ਸਾਬ ਤੇ ਚੈਅਰਮੈਨ ਸੁਦਰਸਨ ਸਿੰਘ ਬੇਦੀ ਤੇ ਜ਼ਿਲ੍ਹਾ ਪ੍ਰਧਾਨ ਮੁਖਤਿਆਰ ਸਿੰਘ ਬੇਦੀ ਨੇ ਸਭਾ ਦਾ ਵਿਸਥਾਰ ਕੀਤਾ ਸੀਨੀਅਰ ਮੀਤ ਪ੍ਰਧਾਨ ਨੇਮਪਾਲ ਸਿੰਘ, ਦਰਸ਼ਨ ਸਿੰਘ ਕਪੂਰ/ਮੀਤ ਪ੍ਰਧਾਨ ਰੌਸਨ ਲਾਲ ਕਪੂਰ ਸਟਰਿੰਗ ਵਾਲੇ ਡਾਕਟਰ ਅਜੀਤ ਸਿੰਘ/ਜੁਆਇੰਟ ਸਕੱਤਰ ਇਕਬਾਲ ਸਿੰਘ ਟਿੰਕੂ ਅਮਰਜੀਤ ਸਿੰਘ ਉੱਪਲ/ਸਰਪ੍ਰਸਤ ਦਰਸਨ ਸਿੰਘ ਬੇਦੀ, ਬਲਜੀਤ ਸਿੰਘ ਬੇਦੀ ਐਡੀਟਰ, ਮਨਪ੍ਰੀਤ ਸਿੰਘ ਮਨੂ ਬੇਦੀ, ਹਰਜੀਤ ਸਿੰਘ ਰਿੰਕੂ ਮੁੱਖ ਸਲਾਹਕਾਰ, ਜਸਪਾਲ ਸਿੰਘ ਬੇਦੀ/ਪ੍ਰਚਾਰ ਸਕੱਤਰ ਇੰਦਰਪਾਲ ਕਪੂਰ ਇਸ ਤੋਂ ਸਭਾ ਦੇ ਉਪ ਖ਼ਜ਼ਾਨਚੀ ਗੁਰਮਤਿ ਸਿੰਘ ਸੋਢੀ ਸਾਬ ਨੇ ਇਨ੍ਹਾਂ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

ਇੰਸ. ਗੁਰਮੀਤ ਸਿੰਘ ਨੂੰ ਸਦਮਾ, ਪਿਤਾ ਦਾ ਦਿਹਾਂਤ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਸੰਗਤ ਮੰਡੀ ਪੁਲਸ ਦੇ ਖੁਫੀਆ ਵਿੰਗ ਦੇ ਇੰਸਪੈਕਟਰ ਗੁਰਮੀਤ ਸਿੰਘ ਗਰੇਵਾਲ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਪਿਤਾ ਸ੍ਰੀ ਬੂਟਾ ਸਿੰਘ ਗਰੇਵਾਲ (76) ਦੀ ਬੀਤੇ ਦਿਨੀਂ ਇੱਕ ਸੰਖੇਪ ਬਿਮਾਰੀ ਕਾਰਨ ਮੌਤ ਹੋ ਗਈ। ਇਸ ਦੁੱਖ ਦੀ ਘੜੀ ਵਿੱਚ ਬਠਿੰਡਾ ਦਿਹਾਤੀ ਪ੍ਰੈੱਸ ਕਲੱਬ, ਜਿਨ੍ਹਾਂ ਵਿੱਚ ਪ੍ਰਧਾਨ ਅਜੀਤ ਸਿੰਘ, ਚੇਅਰਮੈਨ ਡਾ. ਗੁਰਜੀਤ ਸਿੰਘ ਚੌਹਾਨ, ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਬੱਲੂਆਣਾ, ਕੈਸ਼ੀਅਰ ਰਾਜਦੀਪ ਜੋਸ਼ੀ, ਦਿਲਬਾਗ ਜ਼ਖਮੀ, ਗੁਰਸੇਵਕ ਸਿੰਘ ਚੁੱਘੇ ਖੁਰਦ, ਸ਼ਾਮ ਸੁੰਦਰ ਜੋਸ਼ੀ, ਕੁਲਵਿੰਦਰ ਚਾਨੀ, ਚਰਨਜੀਤ ਸਿੰਘ ਮਛਾਣਾ, ਨਸੀਬ ਸਰਮਾ ਬਾਲਿਆਂਵਾਲੀ, ਪ੍ਰਿੰਸ ਸੇਖੂ, ਰਾਜਦੀਪ ਡੱਬੂ, ਭੀਮ ਅੱਗਰਵਾਲ, ਗੁਰਪ੍ਰੀਤ ਸਿੰਘ ਚਹਿਲ ਤੇ ਸਰਪੰਚ ਸੁਖਦੇਵ ਸਿੰਘ, ਸਾਬਕਾ ਮੈਂਬਰ ਅਰਮੀਕ ਸਿੰਘ, ਬਹਾਦਰ ਸਿੰਘ ਵੱਲੋਂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਈਡ ਦੀ ਮਹੀਨਾਵਾਰ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ) ਗੌਰਮਿੰਟ ਪੈਨਸ਼ਨਰਜ ਐਸੋਸੀਏਸ਼ਨ ਐਂਡ ਅਲਾਈਡ ਦੀ ਮਹੀਨਾਵਾਰ ਮੀਟਿੰਗ 6 ਜਨਵਰੀ ਨੂੰ ਸਮਾਂ 11 ਵਜੇ ਤੋਂ 1 ਵਜੇ ਤੱਕ ਪ੍ਰਧਾਨ ਗੁਰਬਚਨ ਸਿੰਘ ਦੀ ਅਗਵਾਈ ਹੇਠ ਹੋਵੇਗੀ। ਇਸ ਮੌਕੇ ਜਨਰਲ ਸਕੱਤਰ ਮੁਖਤਿਆਰ ਸਿੰਘ ਬੇਦੀ, ਮੀਤ ਪ੍ਰਧਾਨ ਚਿੰਤ ਰਾਮ ਨਾਹਰ ਅਤੇ ਸਕੱਤਰ ਜਸਵਿੰਦਰ ਸਿੰਘ ਨੇ ਸਾਰੇ ਸਾਥੀਆਂ ਨੂੰ ਬੇਨਤੀ ਕੀਤੀ ਕਿ ਸਾਰੇ ਸਾਥੀ ਸਮੇ ਸਿਰ ਪਹੁੰਚਣ ਤਾਂ ਜੁ ਪਿਛਲੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਜਿਵੇਂ 2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਦੇ ਕੇਸਾਂ ਨੂੰ 2.59 ਨਾਲ ਗੁਣਾ ਕਰਕੇ ਰਿਵਾਇਜ ਕਰਾਉਣਾ, ਪੁਰਾਣੇ ਡੈਥ ਕੇਸਾਂ ਨੂੰ ਕਲੀਅਰ ਕਰਾਉਣਾ, ਕੱਚੇ ਮੁਲਾਜਮਾਂ ਨੂੰ ਪੱਕੇ ਕਰਵਾਉਣਾ, ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਾਉਣਾ ਅਤੇ ਹੋਰ ਵੀ ਰਹਿੰਦੀਆਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਸਾਂਝੇ ਫਰੰਟ ਵੱਲੋਂ ਆਪ ਵਿਧਾਇਕਾਂ ਦੇ ਘਰਾਂ ਅੱਗੇ ਰੋਸ ਧਰਨੇ ਦੇਣ ਦਾ ਐਲਾਨ

ਸੰਗਰੂਰ (ਪ੍ਰਵੀਨ ਸਿੰਘ)-ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਕੋਆਰਡੀਨੇਸ਼ਨ ਕਮੇਟੀ ਸੰਗਰੂਰ ਦੀ ਮੀਟਿੰਗ ਸੂਬਾ ਕਨਵੀਨਰ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਡੀ ਸੀ ਕੰਪਲੈਕਸ ਸੰਗਰੂਰ ਵਿਖੇ ਹੋਈ। ਮੀਟਿੰਗ ਦੇ ਵੇਰਵੇ ਸਾਂਝੇ ਕਰਦਿਆਂ ਸਮੂਹ ਕਨਵੀਨਰਜ਼ ਜਗਦੀਸ਼ ਸ਼ਰਮਾ, ਅਭਿਨਾਸ਼ ਸ਼ਰਮਾ, ਰਾਜ ਕੁਮਾਰ ਅਰੋੜਾ, ਮੇਲਾ ਸਿੰਘ ਪੁੰਨਾਂਵਾਲ, ਫਕੀਰ ਸਿੰਘ ਟਿੱਬਾ, ਹਰਜੀਤ ਸਿੰਘ ਵਾਲੀਆ, ਸ੍ਰੀ ਨਿਵਾਸ, ਅਸ਼ੋਕ ਕੁਮਾਰ, ਜਗਦੇਵ ਬਾਹੀਆ ਨੇ ਜਾਣਕਾਰੀ ਦਿੱਤੀ ਕਿ ਸਾਂਝਾ ਫਰੰਟ ਦੀ ਸੂਬਾ ਕਾਰਜਕਾਰਨੀ ਦੇ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਸੰਗਰੂਰ ਜ਼ਿਲ੍ਹੇ ਦੇ ਆਮ ਆਦਮੀ ਪਾਰਟੀ ਦੇ ਪੰਜ ਐੱਮ ਐੱਲ ਏਜ਼ ਦੇ ਘਰਾਂ ਅੱਗੇ ਪੂਰੇ ਦਿਨ ਦੇ ਧਰਨੇ

page-6-5-Jan.-2024-(SM).qxd 1/4/2024 10:55 PM Page 1

ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੀ ਵਿਦਿਆਰਥਣ ਨੂੰ ਨੈਸ਼ਨਲ ਪੱਧਰੀ ਵੁਸ਼ੂ ਖੇਡ ਮੁਕਾਬਲੇ 'ਚ ਦੂਜਾ ਸਥਾਨ ਪ੍ਰਾਪਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੀ ਵਿਦਿਆਰਥਣ ਦਮਨਪ੍ਰੀਤ ਕੌਰ ਨੇ ਖੇਲੋ ਇੰਡੀਆ ਵੁਸ਼ੂ ਚੈਂਪੀਅਨਸ਼ਿਪ ਵਿੱਚ ਭਾਗ ਲੈ ਕੇ ਦੂਸਰਾ ਸਥਾਨ/ਚਾਂਦੀ ਦਾ ਤਗਮਾ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਂ ਰੌਸ਼ਨ ਕੀਤਾ ਹੈ। ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਭਾਰਤ ਸਰਕਾਰ ਦੀ ਮਨਿਸਟਰੀ ਆਫ ਯੂਥ ਅਫੇਅਰਸ ਐਂਡ ਸਪੋਰਟਸ ਨਾਲ ਸੰਬੰਧਤ ਵੁਸ਼ੂ ਐਸੋਸੀਏਸ਼ਨ ਆਫ ਇੰਡੀਆ ਵਲੋਂ ਉੱਤਰਾਖੰਡ (ਦੇਹਰਾਦੂਨ) ਵਿਖੇ ਕਰਵਾਈ ਗਈ ਖੇਲੋ ਇੰਡੀਆ ਵੁਮੈਨਸ ਵੁਸ਼ੂ ਲੀਗ (ਉਤਰੀ ਜ਼ੋਨ) ਵਿੱਚ ਉਨ੍ਹਾਂ ਦੇ ਸਕੂਲ ਦੀ ਸੱਤਵੀਂ ਜਮਾਤ ਵਿੱਚ ਪੜ੍ਹਦੀ ਵਿਦਿਆਰਥਣ ਦਮਨਪ੍ਰੀਤ ਕੌਰ ਨੇ ਸ਼ਾਨਦਾਰ ਪ੍ਰਦਰਸਨ ਕਰਕੇ ਦੂਸਰਾ ਸਥਾਨ ਹਾਸਲ ਕਰਕੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ ਹੈ। ਜੇਤੂ ਵਿਦਿਆਰਥਣ ਦਾ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਅਤੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਵੁਸ਼ੂ ਖਿਡਾਰਨ ਦਮਨਪ੍ਰੀਤ ਕੌਰ ਨੂੰ ਸਨਮਾਨਤ ਕਰਦਿਆਂ ਸਮੂਹ ਸਟਾਫ ਅਤੇ ਵਿਦਿਆਰਥਣ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਬਾਕੀ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਅੰਤਰ ਸਕੂਲ ਭਾਸ਼ਣ ਮੁਕਾਬਲੇ 'ਚ ਆਰ ਡੀ ਖੋਸਲਾ ਸਕੂਲ ਦੀ ਚੇਸਟਾ ਸ਼ਰਮਾ ਦੂਜੇ ਸਥਾਨ 'ਤੇ

ਵਡਾਲਾ (ਡਾਕਟਰ ਮਲਵਿੰਦਰ ਸਿੰਘ)- ਸ੍ਰੀ ਗੀਤਾ ਜੈਯੰਤੀ ਦੇ ਸ਼ੁੱਭ ਮੌਕੇ ਦੈਨਿਕ ਪ੍ਰਾਰਥਨਾ ਸਭਾ ਬਟਾਲਾ ਵੱਲੋਂ ਕਮਿਊਨਿਟੀ ਹਾਲ ਵਿੱਚ ਅੰਤਰ-ਸਕੂਲ ਭਾਸ਼ਣ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸ਼ਹਿਰ ਦੇ ਲਗਭਗ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਗਿਆਰ੍ਹਵੀਂ ਜਮਾਤ ਦੀ ਕਾਮਰਸ ਦੀ ਵਿਦਿਆਰਥਣ ਚੇਸਟਾ ਸ਼ਰਮਾ ਨੇ ਇਸ ਮੁਕਾਬਲੇ ਵਿੱਚ ਸ੍ਰੀ ਗੀਤਾ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਦੂਜੇ ਸਥਾਨ 'ਤੇ ਰਹੀ ਅਤੇ 2100 ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਚੇਸਟਾ ਸ਼ਰਮਾ ਅਤੇ ਉਸ ਦੇ ਮਾਤਾ-ਪਿਤਾ ਅਤੇ ਅਧਿਆਪਕਾ ਅਨੀਤਾ ਸ਼ਰਮਾ ਨੂੰ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।

ਅਸਾਮ ਵਿੱਚ ਸਥਾਈ ਸ਼ਾਂਤੀ ਤੇ ਸਰਬਪੱਖੀ ਵਿਕਾਸ ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਇਹ ਇੱਕ ਮਹੱਤਵਪੂਰਨ ਕਦਮ ਹੈ: ਅਮਿਤ ਸ਼ਾਹ

ਲੁਧਿਆਣਾ / ਜਲੰਧਰ : ਅਸਾਮ ਦੇ ਦੇਹਰਾਦੂਨ 'ਚ ਸ਼ਾਂਤੀ ਬਣਾਈ ਰੱਖਣ ਦੀਆਂ ਕੋਸ਼ਿਸ਼ਾਂ 'ਚ ਵੱਡੀ ਸਫਲਤਾ ਮਿਲੀ ਹੈ। ਅਸਾਮ ਵਿੱਚ 40 ਸਾਲਾਂ ਵਿੱਚ ਪਹਿਲੀ ਵਾਰ, ਹਥਿਆਰਬੰਦ ਅੱਤਵਾਦੀ ਸੰਗਠਨ ਉਲਫਾ ਨੇ ਭਾਰਤ ਅਤੇ ਅਸਾਮ ਸਰਕਾਰ ਨਾਲ ਇੱਕ ਤਿਕੋਣੀ ਸ਼ਾਂਤੀ ਸਮਝੌਤੇ ਲਈ ਸਹਿਮਤੀ ਦਿੱਤੀ ਹੈ। ਇਸ ਦੇ ਨਾਲ ਹੀ ਅਸਾਮ ਦੇ ਇਤਿਹਾਸ ਵਿੱਚ ਅਮ੍ਰਿਤਕਾਲ ਵਿੱਚ ਇੱਕ ਨਵਾਂ ਦੌਰ ਸ਼ੁਰੂ ਹੋਣ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਿੱਚ ਅਸਾਮ ਸਮੇਤ ਪੂਰੇ ਉੱਤਰ-ਪੂਰਬ ਵਿੱਚ ਹਿੰਸਾ ਦੇ ਕਾਲੇ ਚੱਕਰ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਸ਼ਾਹ ਦੀ ਮੌਜੂਦਗੀ 'ਚ ਭਾਰਤ ਸਰਕਾਰ, ਅਸਾਮ ਸਰਕਾਰ ਅਤੇ ਉਲਫਾ ਵਿਚਾਲੇ ਇਹ ਤਿਕੋਣੀ ਸ਼ਾਂਤੀ ਸਮਝੌਤਾ ਸੰਭਵ ਹੋਇਆ ਹੈ। ਅਮਿਤ ਸ਼ਾਹ ਵੱਲੋਂ ਚੁੱਕਿਆ ਗਿਆ ਇਹ ਕਦਮ ਆਉਣ ਵਾਲੇ ਸਮੇਂ ਵਿੱਚ ਅਸਾਮ ਸਮੇਤ ਪੂਰੇ ਉੱਤਰ-ਪੂਰਬ ਦੇ ਵਿਕਾਸ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ।

Court Notice

(U/o 5 Rule 20 CPC)
In the Court of
Ms. Arpna
Civil Judge (Junior Division) 15, Jalandhar
CNR No. PBJL02-000278 -2023
Next Date : 08-02-2024
State Bank of India
Vs.
Harjinder Pal

Suit for grant of Recovery of Rs. 594006 along with interest as Prayed for

Publication issued to : 4. Baljit Singh S/o Late Paramjit Singh Vill. Kotla, Tehsil & Distt. Jalandhar (6) Kamaljit Kaur W/o Neeraj Kumar R/o 389, Asha Rani Gali No. 2, Near Ambedkar Bhawan Mandawali, Faizalpur, East Delhi, Delhi-110092

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 08-02-2024 at 10.00 a.m.

For details logon to https://highcourtchd.gov.in./?trs=district_notice&district=Jalandhar

Civil Judge (Junior Division) 15, Jalandhar
Dated this day of 28.12.2023

Court Notice

(U/o 5 Rule 20 CPC)
In the Court of
Ms. Mandeep Kaur
Civil Judge (Junior Division) 19, Jalandhar
Cs /3503-2022
CNR No. PBJL02-006676 -2022
Next Date : 09-02-2024
PEE PEE Marketing
Vs.
Khushi Enterprises

Publication issued to : Pankaj Kumar, Prop: M/S Khushi Enterprises, Shop No. G 4/153, Street 9, New Ganeshpuri, Shivpuri, Ludhiana, Mob No. : 7743042010

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 09-02-2024 at 10.00 a.m.

For details logon to https://highcourtchd.gov.in./?trs=district_notice&district=Jalandhar

Civil Judge (Junior Division) 19, Jalandhar
Dated this day of 27.12.2023

ਦਰੱਖਤਾਂ ਦੀ ਬੋਲੀ

ਸਕੂਲ ਮੈਨੇਜਮੈਂਟ ਕਮੇਟੀ ਸਰਕਾਰੀ ਪ੍ਰਾਇਮਰੀ ਸਕੂਲ, ਰਾਊਵਾਲ ਜਿਲ੍ਹਾ ਗੁਰਦਾਸਪੁਰ ਵੱਲੋਂ 52 ਸਫੈਦੇ ਅਤੇ ਹੋਰ ਦਰੱਖਤਾਂ ਦੀ ਬੋਲੀ ਮਿਤੀ 10.01.2024 ਦਿਨ ਬੁੱਧਵਾਰ ਨੂੰ ਦੁਪਹਿਰ 1.00 ਵਜੇ ਸਕੂਲ ਅਹਾਤੇ ਵਿੱਚ ਹੋਵੇਗੀ। ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ। ਵੱਲੋਂ- ਚੇਅਰਪਰਸਨ, ਸਕੂਲ ਮੈਨੇਜਮੈਂਟ ਕਮੇਟੀ, ਰਾਊਵਾਲ। ਮੋਬਾਈਲ ਨੰਬਰ- 82838-38752

ਆਮ ਸੂਚਨਾ

ਮੈਂ, ਸੰਦੀਪ ਕੌਰ ਪਤਨੀ ਲੇਟ ਹਰਦਿਆਲ ਸਿੰਘ ਵਾਸੀ ਮਕਾਨ ਨੰਬਰ 52-ਏ ਗੁਰੂ ਤੇਗ ਬਹਾਦਰ ਨਗਰ ਨੇੜੇ ਕਬੀਰ ਪਾਰਕ ਗੁਰਦਵਾਰਾ ਅੰਮ੍ਰਿਤਸਰ ਮੇਰੇ ਪਲਾਟ ਜਿਸ ਦਾ ਖਸਰਾ ਨੰਬਰ 43/24, 49/4, ਜਮ੍ਹਾਂਬੰਦੀ ਖਸਰਾ ਨੰਬਰ 49/4 ਮਿਨ ਵਾਕਿਆ ਰਕਬਾ ਪਿੰਡ ਕਾਲਾ ਘੰਨੂਪੁਰ ਸਬ ਅਰਬਨ ਅਬਾਦੀ ਬਾਬਾ ਜੀਵਨ ਸਿੰਘ ਕਲੋਨੀ, ਅੰਮ੍ਰਿਤਸਰ ਦੀਆਂ ਰਜਿਸਟਰੀਆਂ ਵਸੀਕਾ ਨੰਬਰ 5455 ਮਿਤੀ 30-05-1994 ਅਤੇ ਦੂਸਰੀ ਰਜਿਸਟਰੀ ਵਸੀਕਾ ਨੰਬਰ 6498 ਮਿਤੀ 30-06-1995 ਗੁੰਮ ਹੋ ਗਈਆਂ ਹਨ। ਜਿਸ ਨੂੰ ਮਿਲਣ, ਹੇਠਾਂ ਲਿਖੇ ਨੰਬਰਾਂ 'ਤੇ ਸੰਪਰਕ ਕਰੇ। ਸੰਦੀਪ ਕੌਰ 9988821221, ਵਕੀਲ ਵਿਕਾਸ ਮਹਾਜਨ 9888155166।

COURT NOTICE

In the Court of Ms. Gurpreet Kaur, Civil Judge (Jr. Div.) Ajnala
CS/402/2023
CNR No. PBASA0-000529-2023
Next Date : 29-01-2024

Sher Singh S/o Jagir Singh R/o Village Awan Near Ramdas, Tehsil Ajnala, Distt. Amritsar.
Versus
Baljit Singh S/o Piara Singh R/o Village Arahya Near Ramdas, Tehsil Ajnala, Distt. Amritsar.

Suit for Permanent Injunction

Notice to Defendant No. 2, 02 Sarabjit Singh S/o Piara Singh R/o Village Arahya Near Ramdas, Tehsil Ajnala, Distt. Amritsar.

In the above titled Civil Suit, defendant could not be served. It is Ordered that the defendant should appear in person or through Counsel on 29-01-2024 at 10.00 a.m.

For detais logon to https://highcourtchd.gov.in/?trs=district_notice&district-amritsar.

Civil Judge (Jr. Div.) Ajnala.

CIVIL COURTS NABHA

(U/o 5 Rule 20 COC)
In the Court of Ms. Ankita Mittal, Civil Judge Junior Division-2, Nabha
CNR No. PBPTB0-000406-2019
Next Date : 28-02-2024
State Bank of India vs. Parminder Singh

Publication Issued to : Parminder Singh, Father : Harbans Singh, Near Dera Baba Sarju Dass Dulladi Gate, Near DAV Scholol Nabha, Tehsil Nabha, Distt. Patiala now posted in GSK Nabha Distt. Patiala.

In bove titled case, the defendant(s)/respondent(s) could not be served. It is ordered that defendant(s)/respondent(s) should appear in person or through counsel on 28-02-2024 at 10.00 a.m.

For details logon to https://highcourtchd.gov.in/?trs=district_notice&district=Patiala.

Civil Judge Junior Division-2 Nabha
Dated, this day of 04-01-2024

COURT NOTICE

(U/o 5 Rule 20 CPC)
In the Court of Ms. Mamta Kakkar, Additional Civil Judge (Senior Division), Phul
CNR No. PBBTB0-000632-2023 Next Date : 31-01-2024
Sadhu Singh Etc. vs. General Public

Publication Issued to : 1 General Public : General Public

5. Simarjeet Kaur D/o Late Nirmal Singh S/o Sukhdev Singh R/o Village Bhunder Sub Tehsil Baliawali, Distt. Bathinda, 7. Lakhveer Kaur D/o Late Nirmal Singh S/o Sukhdev Singh R/o Village Bhunder Sub Tehsil Baliawali Distt. Bathinda.

In above titled case, the defendant(s)/respondent(s) could not be served. It is ordered that defendant(s)/respondent(s) should appear in operson or through counsel on 31-01-2024 at 10.00 a.m.

For details logon to https://highcourtchd.gov.in/?mod=district_notice&district=Bathinda.

Additional Civil Judge (Senior Division), Phul
Dated, this day of 22-12-2023

COURT NOTICE

(U/o 5 Rule 20 CPC)
In the Court of Ms. Mamta Kakkar, Additional Civil Judge (Senior Division), Phul
CNR No. PBBTB0-000943-2023
Next Date : 01-02-2024
Manjit Kaur
vs.
General Public

Publication Issued to : General Public : General Public

In above titled case, the defendant(s)/respondent(s) could not be served. It is Ordered that defendant(s)/respondent(s) should appear in person or through counsel on 01-02-2024 at 10.00 a.m.

Foe details logon to https://highcourtchd.gov.in/?mod=district_notice&district=bathinda.

Additional Civil Judge (Senior Division), Phul
Dated, this day of 17-12-2023

COURT NOTICE

(U/o 5 Rule 20 CPC)
In the Court of Sh. Karun Garg
Civil Judge (Junior Division), Kharar
CNR No. PBSAA0-001150-2022
Next Date : 23-01-2024
Jatinder Kumar Shingari vs. Dalbir Singh

Publication Issued to : 1. Dalbir Singh 2 Prabhjot Singh R/o Flat No. 1663, UF, Chandigarh Road, Sector 39, Urban Estate, Focal Point, Ludhiana.

In above titled case, the defendant(s)/respondent(s) could not be served, it is ordered that defendant(s)/respondent(s) should appear in person or through on 23-01-2024 at 10.00 a.m.

For details logon to https://highcourtchd.gov.in/?trs=district_notice&district=SAS Nagar

Civil Judge (Junior Division), Kharar
Dated, this day of 28-12-2023

COURT NOTICE

In the Court of Dr. Seema Agnihotri, Judicial Magistrate-1st Class, Rupnagar.
CNR No. PBRO 03-001025-2019
Next Date ; 25-01-2024
Nact/232/2019
State Bank of India (SBI)
Vs.

Sarbjit Singh S/o Baljit Singh R/o Village and P.O. Hussainpur Tehsil and Distt. Rupnagar Second Address C/o Working as TL/KH Under SSE/Electric/Northen Railway, Nangal Dam, (Naya Nangal) Tehsil Nangal District Rupnagar.

Petition U/s 138 of NI Act

Publication Issued to :

Sarbjit Singh S/o Baljit Singh R/o Village and P.O. Hussainpur Tehsil and Distt. Rupnagar Second Address C/o Working as TL/KH under SSE/Electric/Northen Railway, Nangal Dam, (Naya Nangal) Tehsil Nangal District Rupnagar.

In above titled case, the accused could not be served. It is ordered that accused should appear in person or through counsel on 25-01-2024 at 10.00 a.m.

For details logon to https://highcourtchd.gov.in/?trs=district_notice&district=Ropar.

Judicial Magistrate-1st Class, Rupnagar
Dated, this day of 03-01-2024

COURT NOTICE

(U/o 5 Rule 20 CPC)
In the Court of Ms. Arpna
Civil Judge (Junior Division)-15, Jalandhar
CNR No. PBJL-02-000278-2023
Next Date : 08-02-2024
State Bank of India Vs Harjinder Pal

Suit for grant of decree for recovery of Rs. 594000 alongwith interest as prayed for :-

Publication Issued to ; 4 Baljit Singh S/o Late Paramjit Singh Village Kotla, Tehsil and Distt. Jalandhar, 6. Kamaljit Kaur W/o Neeraj Kumar R/o 389, Asha Rani Gali No. 2, Near Ambedkar Bhawan, Mandawali, Faizalpur, East Delhi, Delhi-110092.

In above titled case, the defendant(s)/respondent(s) could not be served. It is served that defendant(s)/respondent(s) should appear in person or through counsel on 08-02-2024 at 10.00 a.m.

For details logon to https://highcourtchd.gov.in./?trs=district_notice&district=Jalandhar.

Civil Judge (Junior Division)-15, Jalandhar
Dated, this day of 28-12-2023

ਕਲਾਸੀਫਾਈਡ ਇਸ਼ਤਿਹਾਰ

Public Notice

We, Santosh Gupta S/o Banke Lal Gupta & Savita Devi W/o Santosh Gupta R/o Bulandpur Road, Near Gaushala, Parshu Ram Nagar, Transport Nagar, Narpur, Jalandhar Reru, Jalandhar declare that our daughter Pushpa Kumari is out of our control. We disinherit her from our moveable and immovable properties. We and our family shall not be held responsible for any of her acts, deeds and things. All please note.

ਆਮ ਸੂਚਨਾ

ਮੈਂ, ਗੁਰਬਖਸ਼ ਸਿੰਘ ਪੁੱਤਰ ਸ੍ਰ.ਦੁਲਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਝਬਾਲ ਜਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਲੜਕੀ ਰਜਿੰਦਰ ਕੌਰ ਜਿਸਨੂੰ ਮੈਂ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਤੇ ਬੁਰੀ ਸੰਗਤ ਵਿਚ ਪੈਣ ਕਰਕੇ ਅਖਬਾਰ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇ ਵਿਚ ਹੈ ਤੇ ਮੇਰੀ ਸੇਵਾ ਸੰਭਾਲ ਕਰਦੀ ਹੈ ਅਤੇ ਮੈਂ ਇਸ ਤੋਂ ਖੁਸ਼ ਹਾਂ। ਮੈਂ ਉਸਨੂੰ ਦਿੱਤੀ ਹੋਈ ਬੇਦਖਲੀ ਕੈਂਸਲ ਕਰਦਾ ਹਾਂ। ਹੁਣ ਉਹ ਮੇਰੀ ਜਾਇਦਾਦ ਦੀ ਹਿੱਸੇਦਾਰ ਹੋਵੇਗੀ।

ਮੈਂ, ਰੋਸ਼ਮ ਸਿੰਘ ਪੁੱਤਰ ਸ੍ਰੀ ਗੋਮਾ ਸਿੰਘ ਵਾਸੀ ਪਿੰਡ ਚੱਕ ਖੀਵਾ, ਤਹਿਸੀਲ ਜਲਾਲਾਬਾਦ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜੱਗਾ ਸਿੰਘ ਅਤੇ ਉਸ ਦੀ ਪਤਨੀ ਸੁਰਜੀਤ ਕੌਰ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਜੱਗਾ ਸਿੰਘ ਮੇਰੇ ਕਹਿਣੇਕਾਰ 'ਚ ਹੈ। ਇਸ ਲਈ ਮੈਂ ਇਸ ਦੀ ਬੇਦਖਲੀ ਵਾਪਸ ਲੈਂਦਾ ਹਾਂ। ਨੂੰਹ ਦੀ ਜ਼ਿੰਮੇਵਾਰੀ ਨਹੀਂ ਲੈਂਦਾ, ਜੋ ਸੁਰਜੀਤ ਕੌਰ ਨਾਲ ਲੈਣ-ਦੇਣ ਕਰੇਗਾ, ਉਸ ਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ

ਗੀਤਾ ਰਾਣੀ ਪਤਨੀ ਓਮ ਪ੍ਰਕਾਸ਼ ਵਾਸੀ ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ ਦੇ ਨਾਮ ਵਾਕਿਆ ਰਕਬਾ ਬੱਧਨੀ ਕਲਾਂ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 3008235414 (ਏ ਪੀ -02-1088) 15 ਹਾਰਸ ਪਾਵਰ ਨੂੰ ਸੁਰਿੰਦਰ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਬੱਧਨੀ ਕਲਾਂ ਜਿਲ੍ਹਾ ਮੋਗਾ ਦੇ ਨਾਮ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ.ਐੱਸ.ਪੀ.ਸੀ.ਐੱਲ ਬੱਧਨੀ ਕਲਾਂ ਜ਼ਿਲਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੈਂ, ਨੈਨਾ ਸ਼ਰਮਾ ਉਰਫ ਉੱਪਲ ਪੁੱਤਰੀ ਸਤਦੇਵ ਸ਼ਰਮਾ ਪਤਨੀ ਹਿਰਦੇਪਾਲ ਸਿੰਘ ਉੱਪਲ ਸੂਚਿਤ ਕਰਦੀ ਹਾਂ ਕਿ ਮੇਰੀ ਸਹੀ ਜਨਮ ਮਿਤੀ 17 ਮਈ 1972 ਹੈ। ਇਸ ਨੂੰ ਸਹੀ ਸਮਝਿਆ ਜਾਵੇ।

ਤਸਦੀਕ ਕੀਤਾ ਜਾਂਦਾ ਹੈ ਕਿ ਏ ਪੀ ਕੁਨੈਸਸ਼ਨ ਖਾਤਾ ਨੰ. ਏ ਪੀ 10/1344, ਜੋ ਕਿ ਭਜਨ ਕੌਰ ਪੁੱਤਰੀ ਬੂਟਾ ਸਿੰਘ ਦੇ ਨਾਂਅ 'ਤੇ ਚੱਲ ਰਿਹਾ ਹੈ। ਪਿੰਡ ਚੋਗਾਵਾਂ (ਸਾਧਪੁਰ) ਵਿਖੇ ਹੈ। ਹੁਣ ਇਹ ਚੋਜ਼ ਆਫ ਨੇਮ ਹੈ ਕਿ ਹਰਪ੍ਰੀਤ ਕੌਰ ਪਤਨੀ ਗੁਰਸ਼ਰਨ ਸਿੰਘ ਦੇ ਨਾਂਅ 'ਤੇ ਹੋਣ ਲੱਗਾ ਹੈ। ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਫਤਿਹਪੁਰ ਰਾਜਪੂਤਾਂ ਵਿਖੇ ਸੰਪਰਕ ਕਰੇ।

ਮੈਂ, ਹਰਜੀਤ ਕੌਰ ਪਤਨੀ ਕੇਵਲ ਸਿੰਘ ਵਾਸੀ ਡੱਡੀਆਂ (ਅੰਮ੍ਰਿਤਸਰ) ਨੇ ਆਪਣਾ ਨਾਂਅ ਉਰੀਐਂਟਲ ਬੈਂਕ ਆਫ ਕਾਮਰਸ ਦੇ ਖਾਤੇ ਵਿੱਚ ਬਲਵਿੰਦਰ ਕੌਰ ਤੋਂ ਬਦਲ ਕੇ ਹਰਜੀਤ ਕੌਰ ਰੱਖ ਕਰਵਾਉਣਾ ਹੈ।

ਹਰ ਆਮ ਅਤੇ ਖਾਸ ਨੂੰ ਸੂਚਿਤ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸਨ ਨੰਬਰ ਐਸ ਏ 1960 ਜੋ ਕਾਰਜ ਸਿੰਘ ਪੁੱਤਰ ਸੁੱਖਾ ਸਿੰਘ ਵਾਸੀ ਬਕਰਾਹਾ ਦੇ ਨਾਮ ਚੱਲਦਾ ਹੈ ਨੂੰ ਆਪਣੇ ਨਾਮ ਕਰਨ ਲਈ ਰਜਿੰਦਰ ਕੌਰ ਪਤਨੀ ਰਣਧੀਰ ਸਿੰਘ ਵਾਸੀ ਕਲਵਾਣੂ ਖੇਵਟਦਾਰ ਬਕਰਾਹਾ ਨੇ ਦਰਖਾਸਤ ਦਿੱਤੀ ਹੈ। ਅਗਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 10 ਦਿਨਾਂ ਵਿੱਚ ਪੇਸ ਕਰੇ। ਸਹਾਇਕ ਇੰਜੀਨੀਅਰ, ਪਾਵਰਕਾਮ ਸੁਤਰਾਣਾ

ਮੈਂ ਹਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਕੱਸੋ ਚਾਹਲ, ਡਾਕ. ਖਾਨੋਵਾਲ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਮਨਵੀਰ ਸਿੰਘ ਅਤੇ ਨੂੰਹ ਹਰਜੀਤ ਕੌਰ ਨੂੰ ਕਹਿਣੇ ਵਿੱਚੋਂ ਬਾਹਰ ਹੋਣ ਕਰਕੇ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੈਂ ਆਪਣੇ ਲੜਕੇ ਅਤੇ ਨੂੰਹ ਦੀ ਬੇਦਖਲੀ ਵਾਪਸ ਲੈਂਦਾ ਹਾਂ। ਸਮੂਹ ਸਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ, ਰਾਧੇ ਸ਼ਾਮ ਪੁੱਤਰ ਕਰਮ ਚੰਦ ਵਾਸੀ 87, ਸ਼ੀਤਲ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਚੰਦਰ ਕਾਂਤਾ ਅਤੇ ਲੜਕੀ ਦਿਕਸ਼ਾ, ਪੁੱਤਰ ਪਰਦੀਪ ਕੁਮਾਰ ਤੇ ਅਕਸ਼ੈ ਵਾਸੀਆਨ 78, ਅਮਰ ਨਗਰ, ਨੇੜੇ ਮਾਤਾ ਦਾ ਮੰਦਿਰ, ਗੁਰਾਬ ਦੇਵੀ ਰੋਡ, ਜਲੰਧਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਹਨਾ ਸਾਰਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖ

5-JAN-PAGE-7.qxd 1/4/2024 10:49 PM Page 1

ਸੜਕ ਹਾਦਸੇ ਦੌਰਾਨ ਟੈਂਕਰ ਨੂੰ ਲੱਗੀ ਅੱਗ, ਡਰਾਈਵਰ ਵਾਲ ਵਾਲ ਬਚਿਆ

ਖੰਨਾ ਪਾਇਲ (ਸੁਖਵਿੰਦਰ ਸਿੰਘ ਭਾਦਲਾ ਪਰਮਿੰਦਰ ਸਿੰਘ ਮੋਨੂੰ)-ਬੁੱਧਵਾਰ ਦੁਪਹਿਰ 12.30 ਵਜੇ ਦੇ ਕਰੀਬ ਜੀ ਟੀ ਰੋਡ ਖੰਨਾ ਉੱਪਰ ਲੁਧਿਆਣਾ ਸਾਈਡ ਤੋਂ ਇੱਕ ਤੇਲ ਦਾ ਭਰਿਆ ਟੈਂਕਰ, ਜੋ ਅੰਬਾਲਾ ਸਾਈਡ ਨੂੰ ਜਾ ਰਿਹਾ ਸੀ, ਜਦੋਂ ਬੱਸ ਸਟੈਂਡ ਦੇ ਲਾਗੇ ਪਹੁੰਚਿਆ ਤਾਂ ਤੇਲ ਟੈਂਕਰ ਦਾ ਟਾਇਰ ਡਿਵਾਈਡਰ ਨਾਲ ਟਕਰਾਉਣ ਕਾਰਨ ਟੈਂਕਰ ਪਲਟ ਗਿਆ।ਪਲਟਣ ਤੋਂ ਤੁਰੰਤ ਬਾਅਦ ਤੇਲ ਨਾਲ ਭਰਿਆ ਟੈਂਕਰ ਅੱਗ ਦੀਆਂ ਲਪਟਾਂ ਵਿੱਚ ਬਦਲ ਗਿਆ, ਜਿਸ ਕਾਰਨ ਖੰਨਾ ਪੁਲਸ ਪ੍ਰਸ਼ਾਸਨ ਤੇ ਸਿਵਲ ਪ੍ਰਸ਼ਾਸਨ ਵਿੱਚ ਹਫੜਾ ਦਫੜੀ ਦਾ ਮਾਹੌਲ ਬਣ ਗਿਆ।ਇਸ ਹਾਦਸੇ ਦੌਰਾਨ ਚੰਗੀ ਗੱਲ ਇਹ ਰਹੀ ਕਿ ਜੀ ਟੀ ਰੋਡ ਉੱਪਰ ਬਹੁਤ ਜ਼ਿਆਦਾ ਟ੍ਰੈਫਿਕ ਹੋਣ ਦੇ ਬਾਵਜੂਦ ਹੋਰ ਕੋਈ ਵਹੀਕਲ ਇਸ ਦੇ ਘੇਰੇ ਵਿੱਚ ਨਹੀਂ ਆਇਆ, ਜਿਸ ਕਾਰਨ ਬਚਾਅ ਹੋ ਗਿਆ।ਸਭ ਤੋਂ ਪਹਿਲਾਂ ਘਟਨਾ ਸਥਾਨ 'ਤੇ ਖੰਨਾ ਪੁਲਸ ਵੱਲੋਂ ਡੀ ਐੱਸ ਪੀ ਖੰਨਾ ਰਾਜੇਸ਼ ਸ਼ਰਮਾ ਮੌਕੇ 'ਤੇ ਪਹੁੰਚ ਗਏ।ਉਨ੍ਹਾਂ ਸਮੇਂ ਸਿਰ ਪਹੁੰਚ ਕੇ ਸੁਰੱਖਿਆ ਦੇ ਪ੍ਰਬੰਧ ਸ਼ੁਰੂ ਕਰਵਾਏ ਤੇ ਡੀ ਐੱਸ ਪੀ ਖੰਨਾ ਵੱਲੋਂ ਜੀ ਟੀ ਰੋਪੜ ਜੀ ਟੀ ਰੋਡ ਉੱਪਰ ਆਉਣ ਵਾਲੀ ਸਾਰੀ ਟ੍ਰੈਫਿਕ ਰੁਕਾ ਦਿੱਤੀ ਗਈ। ਘਟਨਾ ਸਥਾਨ ਦੇ ਨੇੜੇ ਤੇੜੇ ਪੁਲ ਦੇ ਹੇਠਾਂ ਖੜੀਆਂ ਗੱਡੀਆਂ ਵੀ ਉਸ ਥਾਂ ਤੋਂ ਦੂਰ ਖਾਲੀ ਥਾਂ 'ਤੇ ਭੇਜ ਦਿੱਤੀਆਂ ਗਈਆਂ।ਵਰਣਯੋਗ ਹੈ ਕਿ ਇਸੇ ਪੁਲ ਦੇ ਥੱਲੇ ਗੈਰ-ਕਾਨੂੰਨੀ ਟੈਕਸੀ ਸਟੈਂਡ, ਕਾਰ ਪਾਰਕਿੰਗ ਤੇ ਨਜਾਇਜ਼ ਸਾਈਕਲ ਸਟੈਂਡ ਵੀ ਚੱਲ ਰਿਹਾ ਹੈ।ਜੇਕਰ ਅੱਗ ਥੱਲੇ ਆ ਜਾਂਦੀ ਤਾਂ ਸੈਂਕੜੇ ਗੱਡੀਆਂ ਸੜ ਕੇ ਸਵਾਹ ਹੋ ਸਕਦੀਆਂ ਸਨ।ਅੱਗ ਦੇ ਅੰਗਾਰੇ ਜੀ ਟੀ ਰੋਡ ਦੇ ਓਵਰ ਬ੍ਰਿਜ ਥੱਲੇ ਗਿਰਨੇ ਸ਼ੁਰੂ ਹੋ ਗਏ ਸਨ।ਘਟਨਾ ਸਥਾਨ ਮੌਕੇ ਲੋਕਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਦੀ ਕਾਰਵਾਈ ਬਹੁਤ ਢਿੱਲੀ ਦਿਖਾਈ ਦਿੱਤੀ।ਟੈਂਕਰ ਨੂੰ ਅੱਗ ਲੱਗਣ ਤੋਂ ਬਾਅਦ 20 ਤੋਂ 25 ਮਿੰਟ ਤੱਕ ਕੋਈ ਵੀ ਬ੍ਰਗੇਡ ਦੀ ਗੱਡੀ ਨਹੀਂ ਪਹੁੰਚੀ, ਜੋ ਗੱਡੀ ਅੱਗ ਬਝਾਉਣ ਆਈ ਸੀ, ਉਹ ਆਪ ਹੀ ਸੜਕ ਵਿੱਚ ਧੱਸ ਗਈ।ਉਸ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਸਰਹੰਦ, ਮੰਡੀ ਗੋਬਿੰਦਗੜ੍ਹ, ਲੁਧਿਆਣਾ ਆਦਿ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾਈਆਂ ਗਈਆਂ, ਜਿਨਾਂ ਨੇ ਵੱਡੀ ਮਿਹਨਤ ਮਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ।ਘਟਨਾ ਸਥਾਨ ਉੱਪਰ ਪਹੁੰਚੇ ਐੱਸ ਐੱਸ ਪੀ ਖੰਨਾ ਅਮਨੀਤ ਕੌਂਡਲ, ਐੱਸ ਪੀ (ਡੀ) ਡਾਕਟਰ ਪ੍ਰਿਗਿਆ ਜੈਨ, ਐੱਸ ਪੀ ਹੈੱਡਕਵਾਟਰ ਗੁਰਪ੍ਰੀਤ ਪੂਰੇਵਾਲ, ਡੀ ਐੱਸ ਪੀ ਗੁਰਮੀਤ ਸਿੰਘ, ਡੀ ਐੱਸ ਪੀ ਇਨਵੈਸਟੀਗੇਸ਼ਨ ਵਿਸ਼ਵਜੀਤ, ਡੀ ਐੱਸ ਪੀ ਡੀ ਪਵਨਜੀਤ, ਖੰਨਾ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ, ਐੱਸ ਐੱਚ ਓ ਸਦਰ ਡੀ ਪੀ ਸਿੰਘ, ਐੱਸ ਐੱਚ ਓ ਸਿਟੀ ਵਨ ਇੰਸਪੈਕਟਰ ਹਿੰਮਤ ਕੁਮਾਰ, ਰੀਡਰ ਸੁਰਜੀਤ ਸਿੰਘ, ਰੀਡਰ ਡੀ ਐੱਸ ਪੀ ਖੰਨਾ ਕੁਲਬੀਰ ਸਿੰਘ ਸੈੱਲ ਦੇ ਇੰਚਾਰਜ ਸਪੈਸ਼ਲ ਸੈੱਲ ਦੇ ਇੰਚਾਰਜ ਜਰਨੈਲ ਸਿੰਘ, ਏ ਐੱਸ ਆਈ ਪਰਮਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੁਲਸ ਅਧਿਕਾਰੀ ਮੌਜੂਦ ਸਨ। ਪੁਲਸ ਪ੍ਰਸ਼ਾਸਨ ਦੇ ਸਾਰੇ ਸੀਨੀਅਰ ਤੇ ਜੂਨੀਅਰ ਅਧਿਕਾਰੀ ਪਹੁੰਚੇ ਹੋਏ ਸਨ, ਪਰ ਸਿਵਲ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਦਿਖਾਈ ਨਹੀਂ ਦਿੱਤਾ। ਟੈਂਕਰ ਡਰਾਈਵਰ ਮੌਕੇ ਤੋਂ ਛਾਲ ਮਾਰ ਕੇ ਜਾਨ ਜਾਨ ਬਚਾਉਣ ਵਿੱਚ ਕਾਮਯਾਬ ਰਿਹਾ।ਟੈਂਕਰ ਚਾਲਕ ਦੀ ਉਂਗਲ 'ਤੇ ਮਾਮੂਲੀ ਸੱਟ ਲੱਗੀ ਹੈ, ਜਿਸ ਨੂੰ ਸਿਵਿਲ ਹਸਪਤਾਲ ਖੰਨਾ ਵਿਖੇ ਮੁਢਲੀ ਸਹਾਇਤਾ ਦਿੱਤੀ ਗਈ।ਅੱਗ ਬਹੁਤ ਜ਼ਿਆਦਾ ਭਿਆਨਕ ਸੀ, ਦੂਰ ਦੂਰ ਤੱਕ ਇਸ ਦਾ ਸੇਕ ਮਹਿਸੂਸ ਕੀਤਾ ਗਿਆ।

ਸਾਹਿਤ ਸਭਾ ਦੀ ਮੀਟਿੰਗ ਦੌਰਾਨ ਸਾਹਿਤਕਾਰਾਂ ਨੇ ਸਾਹਿਤਕ ਰੰਗ ਬਿਖੇਰੇ

ਧੂਰੀ (ਸੁਖਦੇਵ ਧੂਰੀ)-ਬੀਤੇ ਦਿਨੀਂ ਸਾਹਿਤ ਸਭਾ ਧੂਰੀ ਦੀ ਮਾਸਿਕ ਇਕੱਤਰਤਾ ਹੋਈ।ਮੀਟਿੰਗ ਦੀ ਪ੍ਰਧਾਨਗੀ ਸੀਨੀਅਰ ਆਗੂ ਅਮਰਜੀਤ ਸਿੰਘ ਅਮਨ ਤੇ ਉਸਤਾਦ ਗਜ਼ਲਗੋ ਰਣਜੀਤ ਸਿੰਘ ਧੂਰੀ ਨੇ ਕੀਤੀ।ਇਸ ਮੌਕੇ ਗੁਲਜ਼ਾਰ ਸਿੰਘ ਸ਼ੌਕੀ ਤੇ ਅਸ਼ਵਨੀ ਕੁਮਾਰ ਦਾ ਜਨਮ ਦਿਨ ਮਨਾਇਆ ਗਿਆ। ਮੀਟਿੰਗ ਦੌਰਾਨ ਡਾਕਟਰ ਇਕਬਾਲ ਸਿੰਘ ਸਕਰੌਦੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸੰਖੇਪ ਤੇ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ।ਪਵਨ ਹਰਚੰਦਪੁਰੀ ਨੇ ਸਹਿਤ ਸਦਨ ਦੇ ਨਿਰਮਾਣ ਵਿੱਚ ਸਹਿਤ ਸਭਾ ਦੇ ਮੈਂਬਰਾਂ ਵੱਲੋਂ ਦਿੱਤੇ ਸਹਿਯੋਗ ਦੀ ਪ੍ਰਸੰਸਾ ਕੀਤੀ ਅਤੇ 'ਮਜ਼ਦੂਰਾਂ 'ਤੇ ਕਹਿਰ ਨਾ ਗੁਜ਼ਾਰੋ' ਕਵਿਤਾ ਰਾਹੀਂ ਸਰੋਤਿਆਂ ਨੂੰ ਮਜ਼ਦੂਰਾਂ ਦੀ ਦਸ਼ਾ ਦੇ ਸਬੰਧ ਵਿੱਚ ਜਾਣਕਾਰੀ ਦਿੱਤੀ।ਫਿਰ ਨਾਹਰ ਸਿੰਘ ਮੁਬਾਰਕਪੁਰੀ, ਸੁਰਜੀਤ ਸਿੰਘ ਰਾਜੋਮਾਜਰਾ, ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਅਮਨ, ਜੱਸੀ ਸਿੰਘ ਤੇ ਸੁਖਵਿੰਦਰ ਸਿੰਘ ਨੇ ਆਪਣੀਆਂ ਕਵਿਤਾਵਾਂ ਰਾਹੀਂ ਹਾਜ਼ਰੀ ਲਵਾਈ।ਰਾਮ ਸਿੰਘ ਰੰਘਰੇਟਾ ਤੇ ਸੁਖਦੇਵ ਪੇਂਟਰ ਨੇ ਕਵਿਤਾ ਵਿੱਚ ਚੰਗੇ ਰੰਗ ਭਰੇ।ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਗਜ਼ਲਗੋ ਤੇ ਦਰਦੀ ਦੀਆਂ ਗਜ਼ਲਾਂ ਨੇ ਆਪਣੀ ਗਜ਼ਲਾਂ ਰਾਹੀ ਸਾਰੇ ਹੀ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ ਤੇ ਸੇਵਾ ਮੁਕਤ ਡੀ ਪੀ ਆਰ ਓ ਮਨਜੀਤ ਸਿੰਘ ਬਖਸ਼ੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਮੀਟਿੰਗ ਵਿੱਚ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਦਾ, ਸੁਰੇਸ਼ ਕੁਮਾਰ ਬਾਂਸਲ ਸਮੇਤ ਅਨੇਕਾਂ ਸਖਸ਼ੀਅਤਾਂ ਹਾਜ਼ਰ ਸਨ।ਪਰਸਨ ਸਿੰਘ ਬੀਲਾ ਤੇ ਇਕਬਾਲ ਸਿੰਘ ਨੇ ਸਭਾ ਦੀ ਮੈਂਬਰਾਂ ਨੂੰ ਰਿਫਰੈਸ਼ਮੈਂਟ ਦਿੱਤੀ।ਸੰਤ ਸਿੰਘ ਬੀਹਲਾ ਨੇ ਮੰਚ ਸੰਚਾਲਕ ਦੀ ਭੂਮਿਕਾ ਨੂੰ ਬਾਖੂਬੀ ਨਿਭਾਇਆ। ਰਜਿੰਦਰ ਪਾਲ ਨੇ ਸਾਰੇ ਹੀ ਸਰੋਤਿਆਂ, ਦਰਸ਼ਕਾਂ ਅਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

ਸਰਕਾਰੀ ਪਸ਼ੂ ਹਸਪਤਾਲ ਦੀ ਜਗ੍ਹਾ 'ਤੇ ਨਜਾਇਜ਼ ਕਬਜ਼ਾ

- ਵਿਧਾਇਕ ਨੇ ਫੋਨ ਚੁੱਕਣਾ ਵੀ ਮੁਨਾਸਿਬ ਨਾ ਸਮਝਿਆ
- ਕਬਜ਼ੇ ਦੀ ਕਰਵਾਈ ਜਾਵੇਗੀ ਜਾਂਚ : ਡੀ ਸੀ

ਭਗਤਾ ਭਾਈ ਕਾ (ਰਾਜੀਵ ਗੋਇਲ)-ਇੱਕ ਪਾਸੇ ਸਰਕਾਰ ਵੱਲੋਂ ਨਜਾਇਜ਼ ਕਬਜ਼ੇ ਛੁਡਾਏ ਜਾਣ ਦੀਆਂ ਖਬਰਾਂ ਚੱਲ ਰਹੀਆਂ ਹਨ, ਪਰ ਦੂਜੇ ਪਾਸੇ ਸਥਾਨਕ ਸ਼ਹਿਰ ਦੇ ਬਾਘਾ ਪੁਰਾਣਾ ਰੋਡ 'ਤੇ ਵਾਟਰ ਵਰਕਸ ਦੀ ਇਮਾਰਤ ਨਜ਼ਦੀਕ ਸਥਿਤ ਸਰਕਾਰੀ ਪਸ਼ੂ ਹਸਪਤਾਲ ਦੀ ਜਗ੍ਹਾ 'ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਸ਼ਰੇਆਮ ਦਿਸ ਰਿਹਾ ਹੈ। ਜੇਕਰ ਕਿਸੇ ਵਿਅਕਤੀ ਨੂੰ ਆਪਣਾ ਪਾਲਤੂ ਜਾਨਵਰ ਚੈੱਕਅਪ ਕਰਵਾਉਣ ਲਈ ਡਿਸਪੈਂਸਰੀ ਜਾਣਾ ਹੋਵੇ ਤਾਂ ਦੀਵਾ ਬਾਲ ਕੇ ਰਾਹ ਲੱਭਣ ਵਾਲੀ ਗੱਲ ਹੋ ਜਾਂਦੀ ਹੈ। ਜੇਕਰ ਕੋਈ ਬਾਹਰਲਾ ਵਿਅਕਤੀ ਇਸ ਡਿਸਪੈਂਸਰੀ ਅੰਦਰ ਜਾਣਾ ਚਾਹੇ ਤਾਂ ਸ਼ਾਇਦ ਹੀ ਉਹ ਰਸਤਾ ਲੱਭਣ ਵਿੱਚ ਸਫਲ ਹੋਵੇ, ਕਿਉਂਕਿ ਡਿਸਪੈਂਸਰੀ ਦੀ ਕਾਫੀ ਜਗ੍ਹਾ ਵਿੱਚ ਲੋਕਾਂ ਵੱਲੋਂ ਕਣਕ ਬੀਜ ਦਿੱਤੀ ਗਈ ਹੈ ਤੇ ਜਿਹੜੀ ਛੋਟੀ ਜਿਹੀ ਪਹੀ ਡਿਸਪੈਂਸਰੀ ਲਈ ਬਚੀ ਹੈ, ਉਸ ਵਿਚਕਾਰ ਰੂੜੀਆਂ ਦੇ ਢੇਰ ਲੱਗੇ ਦਿਖਾਈ ਦੇ ਰਹੇ ਹਨ। ਇਸ ਮਸਲੇ ਨੂੰ ਲੈ ਕੇ ਡਿਸਪੈਂਸਰੀ ਨਾਲ ਸੰਬੰਧਤ ਇੱਕ ਅਧਿਕਾਰੀ ਵੱਲੋਂ ਨਾਮ ਨਾ ਛਾਪਣ ਦੀ ਸ਼ਰਤ ਵਿੱਚ ਦੱਬੀ ਹੋਈ ਅਵਾਜ਼ ਵਿੱਚ ਕਿਹਾ ਗਿਆ ਕਿ ਡਿਸਪੈਂਸਰੀ ਨਜ਼ਦੀਕ ਰਹਿਣ ਵਾਲੇ ਲੋਕਾਂ ਵੱਲੋਂ ਸਰਕਾਰੀ ਜਗ੍ਹਾ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਮਸਲੇ ਨੂੰ ਲੈ ਕੇ ਮਹਿਕਮੇ ਨੂੰ ਵੀ ਕਈ ਵਾਰ ਲਿਖਤੀ ਤੌਰ 'ਤੇ ਭੇਜ ਚੁੱਕੇ ਹਾਂ, ਪਰ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਉਨ੍ਹਾਂ ਦੱਸਿਆ ਕਿ ਸਰਕਾਰੀ ਜਗ੍ਹਾ ਦੀ ਮਿਣਤੀ ਕਰਵਾ ਕੇ ਬਕਾਇਦਾ ਠੱਡੇ ਲਗਾਏ ਜਾ ਚੁੱਕੇ ਹਨ, ਪਰ ਫੇਰ ਵੀ ਨਜਾਇਜ਼ ਕਬਜ਼ੇ ਤੋਂ ਰਾਹਤ ਨਹੀਂ ਮਿਲੀ। ਓਧਰ ਇਸ ਮਸਲੇ ਨੂੰ ਲੈ ਕੇ ਜਦੋਂ ਹਲਕਾ ਵਿਧਾਇਕ ਬਲਕਾਰ ਸਿੱਧੂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਵੱਲੋਂ ਆਪਣਾ ਰਵੱਈਆ ਕਾਇਮ ਰੱਖਦੇ ਹੋਏ ਫੋਨ ਚੁੱਕਣਾ ਹੀ ਮੁਨਾਸਿਬ ਨਾ ਸਮਝਿਆ ਗਿਆ। ਜਦੋਂ ਇਸ ਮਸਲੇ ਨੂੰ ਲੈ ਕੇ ਡਿਪਟੀ ਕਮਿਸ਼ਨਰ ਬਠਿੰਡਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਵੱਲੋਂ ਇਸ ਮਸਲੇ ਦੀ ਜਾਂਚ ਕਰਵਾਉਣ ਲਈ ਜ਼ਰੂਰ ਹੁੰਗਾਰਾ ਭਰਿਆ ਗਿਆ।

ਕਾਤਰਾਂ

ਪ੍ਰਕਾਸ਼ ਪੁਰਬ ਮੌਕੇ ਲਾਇਆ ਲੰਗਰ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਰੋਪੜ ਰੋਡ 'ਤੇ ਸਥਿਤ ਪਿੰਡ ਫ਼ਤਹਿਗੜ੍ਹ ਬੇਟ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਲੰਗਰ ਲਗਾਇਆ ਗਿਆ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਆਈ ਸੰਗਤ ਲਈ ਵੱਖ-ਵੱਖ ਪਕਵਾਨਾਂ ਦੇ ਲੰਗਰ ਵਰਤਾਏ।

ਠੰਢ ਤੇ ਧੁੰਦ ਕਾਰਨ ਸੇਵਾ ਕੇਂਦਰਾਂ ਦਾ ਸਮਾਂ ਤਬਦੀਲ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸੂਬੇ ਵਿੱਚ ਪੈ ਰਹੀ ਠੰਢ ਤੇ ਧੁੰਦ ਨੂੰ ਮੱਦੇ ਨਜ਼ਰ ਰੱਖਦਿਆਂ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰਾਂ ਸਮਾਂ ਤਬਦੀਲ ਕੀਤਾ ਗਿਆ ਹੈ ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਆਉਂਦੀ 31 ਜਨਵਰੀ ਤੱਕ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 04:30 ਵਜੇ ਤੱਕ ਦਾ ਕੀਤਾ ਗਿਆ ਹੈ।ਉਨ੍ਹਾਂ ਹੋਰ ਦੱਸਿਆ ਕਿ ਸੇਵਾ ਕੇਂਦਰ ਪਹਿਲਾਂ ਵਾਂਗ ਹੀ ਪੂਰੇ ਹਫਤੇ ਇਸੇ ਸਮੇਂ ਅਨੁਸਾਰ ਸੇਵਾਵਾਂ ਪ੍ਰਦਾਨ ਕਰਨਗੇ।ਇਸ ਸਬੰਧੀ ਸੇਵਾ ਕੇਂਦਰਾਂ ਦੇ ਜ਼ਿਲ੍ਹਾ ਮੈਨੇਜਰ ਨੂੰ ਵੀ ਸੂਚਿਤ ਕੀਤਾ ਜਾ ਚੁੱਕਾ ਹੈ ਤਾਂ ਜੋ ਆਮ ਲੋਕ ਧੁੰਦ ਤੇ ਸਰਦੀ ਕਾਰਨ ਨਵੇਂ ਸਮੇਂ ਅਨੁਸਾਰ ਸੇਵਾ ਕੇਂਦਰਾਂ ਨਾਲ ਸਬੰਧਤ ਸੁਵਿਧਾਵਾਂ ਦਾ ਲਾਭ ਉਠਾ ਸਕਣ।

ਡਾ. ਕਰਨਜੀਤ ਸਿੰਘ ਗਿੱਲ ਨੇ ਖੇਤੀਬਾੜੀ ਅਫਸਰ ਵਜੋਂ ਅਹੁਦਾ ਸੰਭਾਲਿਆ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਡਾ. ਕਰਨਜੀਤ ਸਿੰਘ ਗਿੱਲ ਨੇ ਇੱਥੇ ਬਤੌਰ ਮੁੱਖ ਖੇਤੀਬਾੜੀ ਅਫਸਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਦੌਰਾਨ ਡਾ. ਕਰਨਜੀਤ ਸਿੰਘ ਗਿੱਲ ਨੇ ਆਪਣੀ ਪੜ੍ਹਾਈ ਤੇ ਸਰਕਾਰੀ ਸਰਵਿਸ ਦਾ ਵੇਰਵਾ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਬੀ.ਐੱਸ.ਸੀ. (ਐਗਰੀਕਲਚਰ) ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਐੱਮ.ਐੱਸ.ਸੀ. (ਐਗਰੀਕਲਚਰ) ਦੀ ਡਿਗਰੀ ਹਾਸਲ ਕੀਤੀ।ਇਸ ਤੋਂ ਬਾਅਦ ਉਨ੍ਹਾਂ ਵੱਲੋਂ ਸਾਲ 1996 ਵਿੱਚ ਖੇਤੀਬਾੜੀ ਵਿਭਾਗ 'ਚ ਬਤੌਰ ਖੇਤੀਬਾੜੀ ਵਿਕਾਸ ਅਫਸਰ ਵਜੋਂ ਸੇਵਾਵਾਂ ਸ਼ੁਰੂ ਕੀਤੀਆਂ।ਇਸ ਤੋਂ ਇਲਾਵਾ ਉਨ੍ਹਾਂ ਦਫਤਰ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ ਵਿਖੇ ਬਤੌਰ ਖੇਤੀਬਾੜੀ ਵਿਕਾਸ ਅਫਸਰ (ਇੰਨਫੋਰਸਮੈਂਟ) 8 ਸਾਲ ਤੇ ਤਰੱਕੀ ਉਪਰੰਤ ਬਤੌਰ ਖੇਤੀਬਾੜੀ ਅਫਸਰ ਖਾਦ ਪਰਖ ਪ੍ਰਯੋਗਸ਼ਾਲਾ ਫਰੀਦਕੋਟ ਵਿਖੇ ਅਤੇ ਮਿੱਟੀ ਪਰਖ ਪ੍ਰਯੋਗਸ਼ਾਲਾ ਫਰੀਦਕੋਟ ਵਿਖੇ 4 ਸਾਲ ਸੇਵਾ ਨਿਭਾਈ। ਇਸ ਉਪਰੰਤ ਉਨ੍ਹਾਂ ਸਾਲ 2021 ਵਿੱਚ ਬਤੌਰ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ ਵਿਖੇ ਤਾਇਨਾਤ ਹੋਏ ਤੇ ਹੁਣ ਬਠਿੰਡਾ ਵਿਖੇ ਬਤੌਰ ਮੁੱਖ ਖੇਤੀਬਾੜੀ ਅਫਸਰ ਬਠਿੰਡਾ ਵਜੋਂ ਆਪਣੀਆਂ ਸੇਵਾਵਾਂ ਨਿਭਾਉਣਗੇ।

ਡੇਅਰੀ ਫਾਰਮਰਾਂ ਲਈ ਸਿਖਲਾਈ ਕੋਰਸ 15 ਤੋਂ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਡੇਅਰੀ ਵਿਕਾਸ ਵਿਭਾਗ ਵੱਲੋਂ ਡੇਅਰੀ ਫਾਰਮਰਾਂ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ 30 ਦਿਨਾਂ ਦਾ ਡੇਅਰੀ ਉੱਦਮ ਸਿਖਲਾਈ ਕੋਰਸ 15 ਜਨਵਰੀ 2024 ਨੂੰ ਪੰਜਾਬ ਵਿੱਚ ਅਲੱਗ-ਅਲੱਗ ਡੇਅਰੀ ਟ੍ਰੇਨਿੰਗ ਸੈਂਟਰਾਂ 'ਤੇ ਚਲਾਇਆ ਜਾ ਰਿਹਾ ਹੈ।ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਫਾਜ਼ਿਲਕਾ ਰਣਦੀਪ ਕੁਮਾਰ ਹਾਂਡਾ ਨੇ ਦਿੱਤੀ।ਉਨ੍ਹਾ ਦੱਸਿਆ ਕਿ ਡੇਅਰੀ ਉੱਦਮ ਸਿਖਲਾਈ ਸਬੰਧੀ ਦੁੱਧ ਤੋਂ ਪਦਾਰਥ ਬਣਾਉਣ, ਡੇਅਰੀ ਫਾਰਮ ਦਾ ਪ੍ਰਬੰਧ ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰ ਤੇ ਸੰਤੁਲਤ ਪਸ਼ੂ ਖੁਰਾਕ ਸਬੰਧੀ ਆਧੁਨਕ ਤਕਨੀਕ ਨਾਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ।ਇਸ ਸਿਖਲਾਈ ਲਈ ਜ਼ਿਲ੍ਹਾ ਫਾਜ਼ਿਲਕਾ ਤੇ ਰਾਜਸਥਾਨ ਦੇ ਚਾਹਵਾਨ ਡੇਅਰੀ ਫਾਰਮਰ, ਜਿਨ੍ਹਾਂ ਦੀ ਉਮਰ 18 ਤੋਂ 55 ਸਾਲ ਹੋਵੇ ਅਤੇ 10 ਦੁਧਾਰੂ ਪਸ਼ੂ ਮੌਜੂਦਾ ਹੋਣ, ਉਹ ਆਪਣਾ ਮੈਟ੍ਰਿਕ ਦਾ ਸਰਟੀਫਿਕੇਟ, ਆਧਾਰ ਕਾਰਡ, ਸਮੇਤ ਪਾਸਪੋਰਟ ਸਾਇਜ਼ ਫੋਟੋ ਲੈ ਕੇ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਅਬੁਲ ਖੁਰਾਣਾ ਜ਼ਿਲ੍ਹਾ

5-Dec-PAGE-8.qxd 1/4/2024 11:13 PM Page 1

ਕੇਂਦਰ ਸਰਕਾਰ ਦੇ ਹਿਟਲਰਸ਼ਾਹੀ ਫੁਰਮਾਨਾਂ ਕਾਰਨ ਕਿਰਤੀ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ : ਤਲਵਿੰਦਰ ਸਿੰਘ

ਮਾਹਿਲਪੁਰ (ਸਫਰੀ)

ਕੇਂਦਰ ਸਰਕਾਰ ਵੱਲੋਂ ਭਾਰੀ ਬਹੁਮਤ ਦਾ ਨਜਾਇਜ਼ ਫਾਇਦਾ ਲੈਂਦਿਆਂ ਆਏ ਦਿਨ ਨਵੇਂ ਤੋਂ ਨਵੇਂ ਲੋਕ ਵਿਰੋਧੀ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ ਤੇ ਪੁਰਾਣੇ ਕਾਨੂੰਨਾਂ ਵਿੱਚ ਬਗ਼ੈਰ ਵਿਰੋਧੀ ਧਿਰ ਤੇ ਲੋਕਾਂ ਦੀਆਂ ਰਾਇ ਤੋਂ ਹੱਦੋਂ ਵੱਧ ਸੋਧਾਂ ਕੀਤੀਆਂ ਜਾ ਰਹੀਆਂ ਹਨ।ਇੱਕ ਦਿਨ ਵਿੱਚ ਤਿੰਨ ਤਿੰਨ ਕਾਨੂੰਨ ਪਾਸ ਕਰਕੇ ਦੇਸ਼ ਦੇ ਸੰਵਿਧਾਨ ਨੂੰ ਬਦਲਿਆ ਜਾ ਰਿਹਾ ਹੈ।ਹੁਣ ਗੱਡੀਆਂ ਦੇ ਡਰਾਈਵਰਾਂ ਵਿਰੁੱਧ ਦੁਰਘਟਨਾ ਦੌਰਾਨ ਮੌਤ ਹੋਣ ਦੀ ਸੂਰਤ ਵਿੱਚ ਡਰਾਈਵਰ ਨੂੰ 10 ਸਾਲਾਂ ਦੀ ਕੈਦ ਤੇ 7 ਲੱਖ ਰੁਪਏ ਜੁਰਮਾਨਾ ਲਾਉਣ ਦਾ ਕਾਲਾ ਕਾਨੂੰਨ ਪੇਸ਼ ਕੀਤਾ ਗਿਆ ਹੈ।ਜਿਸ ਦੀ ਸਮਾਜ ਵਿੱਚੋਂ ਚੌਤਰਫਾ ਘੋਰ ਨਿੰਦਿਆ ਹੋ ਰਹੀ ਹੈ। ਫਿਰਕਾਪ੍ਰਸਤੀ, ਮਹਿੰਗਾਈ ਤੇ ਬੇਰੁਜ਼ਗਾਰੀ ਨੇ ਲੋਕਾਂ ਦੇ ਦਿਨ ਦਾ ਚੈਨ ਰਾਤਾਂ ਦੀ ਨੀਂਦ ਗੁਆ ਛੱਡੀ ਹੈ।ਸਰਕਾਰ ਦੀ ਕਹਿਣੀ ਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ ਇੱਕ ਪਾਸੇ ਕੇਂਦਰੀ ਮੰਤਰੀ ਦੇ ਪੁੱਤਰ ਵਲੋਂ ਸ਼ਰੇਆਮ ਆਪਣੀ ਗੱਡੀ ਹੇਠ ਦਰੜ ਕੇ ਮਾਰੇ ਕਿਸਾਨਾਂ ਦੇ ਪਰਿਵਾਰਾਂ ਨੂੰ ਅਜੇ ਤੱਕ ਇਨਸਾਫ ਨਹੀਂ ਦਿੱਤਾ ਗਿਆ।ਕਿਸਾਨਾਂ ਦੇ ਕਾਤਲ ਦਾ ਪਿਉ ਰਾਜਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਹੈ ਤੇ ਉਸ ਦੀ ਛਤਰ ਛਾਇਆ ਹੇਠ ਉਸ ਦਾ ਕਾਤਲ ਪੁੱਤਰ ਜ਼ਮਾਨਤ ਤੇ ਆ ਕੇ ਐਸ਼ਪ੍ਰਸਤੀ ਤੇ ਗੁੰਡਾਗਰਦੀ ਕਰ ਰਿਹਾ ਹੈ।ਓਲੰਪੀਅਨ ਮੈਡਲ ਜੇਤੂ ਪਹਿਲਵਾਨ ਧੀਆਂ ਨਾਲ ਜਿਨਸੀ ਸ਼ੋਸ਼ਣ ਕਰਨ ਵਾਲੇ ਸੱਤਾਧਾਰੀ ਬ੍ਰਿਜ਼ ਭੂਸ਼ਣ ਖਿਲਾਫ ਖ਼ਾਨਾਪੂਰਤੀ ਲਈ ਦਰਜ ਕੀਤਾ ਕੇਸ ਵੀ ਰੱਦ ਕਰ ਦਿੱਤਾ ਗਿਆ ਉਸ ਦਾ ਪੁੱਤਰ ਵੀ ਸ਼ਰੇਆਮ ਆਪਣਾਂ ਦਬਦਬਾ ਹਮੇਸ਼ਾ ਕਾਇਮ ਰਹਿਣ ਦੀਆਂ ਧਮਕੀਆਂ ਦੇ ਰਿਹਾ ਹੈ।ਦੂਜੇ ਪਾਸੇ ਦੇਸ਼ ਦੇ ਬੇਦੋਸ਼ੇ ਬੁੱਧੀਜੀਵੀ ਜੇਲ੍ਹਾਂ ਵਿੱਚ ਡੱਕੇ ਹੋਏ ਹਨ।ਪੂਰਾ ਦੇਸ਼ ਸਰਮਾਏਦਾਰਾਂ ਨੂੰ ਵੇਚਿਆ ਜਾ ਚੁੱਕਾ ਹੈ।ਆਮ ਲੋਕਾਂ ਨੂੰ ਕੋਈ ਵੀ ਸੁੱਖ ਸਹੂਲਤ ਪ੍ਰਾਪਤ ਨਹੀਂ ਸਿਰਫ਼ ਵੋਟਾਂ ਖਾਤਰ ਮੁਫ਼ਤ ਅਨਾਜ ਦੇ ਕੇ ਮੰਗਤੇ ਬਣਾਇਆ ਜਾ ਰਿਹਾ ਹੈ।ਖੇਤੀ ਵਿਰੋਧੀ ਕਾਨੂੰਨਾਂ ਤੇ ਕਰੋਨਾ ਕਾਲ ਦੌਰਾਨ ਮਜ਼ਦੂਰਾਂ ਨਾਲ ਕੀਤੀ ਸਰਕਾਰੀ ਧੱਕੇਸ਼ਾਹੀ ਤੇ ਲਾਪਰਵਾਹੀ ਕਾਰਨ ਸਰਕਾਰ ਨੇ ਲੋਕਾਂ ਦੇ ਮਨਾਂ 'ਚੋਂ ਆਪਣਾਂ ਭਰੋਸਾ ਬਿਲਕੁੱਲ ਗਵਾ ਲਿਆ ਹੈ।ਜਿਸ ਕਾਰਨ ਲੋਕ ਛੋਟੇ ਛੋਟੇ ਸੰਕਟਾਂ ਸਮੇਂ ਵੀ ਬਹੁਤ ਜ਼ਿਆਦਾ ਪ੍ਰੇਸ਼ਾਨ ਹੋ ਜਾਂਦੇ ਹਨ।ਸਰਕਾਰੀ ਅਧਿਕਾਰੀਆਂ ਦਾ ਪੂਰਾ ਜ਼ੋਰ ਸਿਆਸਤਦਾਨਾਂ ਦੀ ਚਾਪਲੂਸੀ ਤੇ ਮੁੱਠੀ ਚਾਪੀ ਕਰਨ ਤੇ ਲੱਗਿਆ ਰਹਿੰਦਾ ਹੈ ਆਮ ਲੋਕ ਪੈਣ ਢੱਠੇ ਖੂਹ ਵਿੱਚ ਸਰਕਾਰ ਨੂੰ ਕੋਈ ਚਿੰਤਾ ਨਹੀਂ।ਦਿਨ ਚੜ੍ਹਦੇ ਨਿੱਤ ਨਵੇਂ ਪੁਆੜੇ ਸਰਕਾਰ ਵਲੋਂ ਲੋਕਾਂ ਦੇ ਗਲ ਪਾਏ ਜਾ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਆਪਹੁਦਰੀਆਂ ਕਰਨ ਤੋਂ ਬਾਜ਼ ਆਉਣਾਂ ਚਾਹੀਦਾ ਹੈ ਨਹੀਂ ਤਾਂ ਸਰਕਾਰ ਦੀਆਂ ਗਲਤ ਨੀਤੀਆਂ ਤੇ ਜ਼ੁਲਮ ਦੇ ਸਤਾਏ ਲੋਕ ਸਾਂਝੇ ਸੰਘਰਸ਼ਾਂ ਵਿੱਚ ਜੂਝਣ ਲਈ ਮਜ਼ਬੂਰ ਹੋਣਗੇ ਤੇ ਉਸ ਲਈ ਜ਼ਿੰਮੇਵਾਰ ਸਰਮਾਏਦਾਰਾਂ ਦੀ ਖ਼ਰੀਦੀ ਹੋਈ ਸਰਕਾਰ ਹੋਵੇਗੀ।ਸਰਕਾਰ ਲੋਕ ਵਿਰੋਧੀ ਸਾਰੇ ਕਾਲੇ ਕਾਨੂੰਨਾਂ ਨੂੰ ਰੱਦ ਕਰੇ। ਦੇਸ਼ ਦੇ ਲੋਕਾਂ ਦੇ ਜਾਨਮਾਲ ਦੀ ਸੁਰੱਖਿਆ ਯਕੀਨੀ ਬਣਾਵੇ।ਜੁਮਲੇਬਾਜੀ ਕਰਨੀ ਬਿਲਕੁੱਲ ਬੰਦ ਕਰੇ।

93ਵੀਂ ਵਾਰ ਕੁਲਵੰਤ ਸੈਣੀ ਨੇ ਕੀਤਾ ਖ਼ੂਨਦਾਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)

ਪਿਛਲੇ ਦਿਨੀ ਸਰਦਾਰੀ ਲਾਲ ਸ਼ਰਮਾ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਸਨ, ਜਿਨਾਂ ਦੀ ਯਾਦ ਵਿੱਚ ਭਾਈ ਘਨਈਆ ਜੀ ਬਲੱਡ ਬੈਂਕ ਹੁਸ਼ਿਆਰਪੁਰ ਵਿੱਚ ਖ਼ੂਨ ਦਾਨ ਕੀਤਾ ਗਿਆ। ਸਰਦਾਰੀ ਲਾਲ ਸ਼ਰਮਾ ਮੁਲਾਜਮਾਂ ਦੇ ਮਸੀਹਾ ਸਨ ਜਿਨਾਂ ਨੇ ਸਾਰੀ ਉਮਰ ਮੁਲਾਜਮਾਂ ਦੇ ਹੱਕ ਅਤੇ ਨਵੀਂ ਭਰਤੀ ਲਈ ਪੈਨਸ਼ਨ ਲਾਉਣ ਲਈ ਲੜਾਈਆਂ ਲੜੀਆਂ। ਕੁਲਵੰਤ ਸੈਣੀ ਵੱਲੋਂ ਸਮੇਂ ਸਮੇਂ 'ਤੇ ਖ਼ੂਨਦਾਨ ਕੀਤਾ ਜਾਂਦਾ ਰਿਹਾ ਹੈ। ਜਿੱਥੇ ਸ੍ਰੀ ਕੁਲਵੰਤ ਸਿੰਘ ਸੈਣੀ ਖ਼ੂਨਦਾਨ ਕਰਦੇ ਹਨ ਉੱਥੇ ਸਪੋਰਟਸ ਕਲੱਬ ਸੈਣੀ ਜਾਗਰਤੀ ਮੰਚ ਦੇ ਪ੍ਰਧਾਨ ਵੀ ਹਨ। ਉਹ ਖ਼ੂਨ ਦਾਨ ਦੇ ਨਾਲ ਨਾਲ ਮੈਡੀਕਲ ਕੈਂਪ ਵੀ ਅਕਸਰ ਲਗਾਉਂਦੇ ਰਹਿੰਦੇ ਹਨ। ਉਹਨਾਂ ਦੱਸਿਆ ਕਿ ਇੰਨੀਆਂ ਸੇਵਾਵਾਂ ਕਰਨ ਦੇ ਬਾਵਜੂਦ ਸਰਕਾਰ ਨੇ ਕਦੀ ਵੀ ਉਹਨਾਂ ਨੂੰ ਨਹੀਂ ਪੁੱਛਿਆ।

ਉਹਨਾਂ ਕਿਹਾ 93 ਬੋਤਲਾਂ ਖ਼ੂਨ ਦੀਆਂ ਦੀਨ ਦੇ ਬਾਵਜੂਦ ਵੀ ਪ੍ਰਸ਼ਾਸਨ ਨੂੰ ਇਸ ਸਬੰਧੀ ਕੋਈ ਇਲਮ ਨਹੀਂ ਹੈ। ਉਹਨਾਂ ਕਿਹਾ ਕਿ ਪਰਮਾਤਮਾ ਇਸ ਤਰ੍ਹਾਂ ਹੀ ਸੇਵਾ ਲੈਂਦਾ ਰਹੇ। ਉਹਨਾਂ ਦੇ ਨਾਲ ਗੁਰਮੀਤ ਸਿੰਘ ਜਲੋਵਾਲ ਬੂਟਾ ਰਾਮ ਅਤੇ ਦਿਲਬਾਗ ਸਿੰਘ ਬਲੱਡ ਬੈਂਕ ਇੰਚਾਰਜ ਹਾਜਰ ਸਨ।

ਮੋਬਾਇਲ ਸੁਣ ਰਹੀ ਔਰਤ ਕੋਲੋਂ ਮੋਬਾਇਲ ਖੋਹ ਕੇ ਲੁਟੇਰੇ ਫਰਾਰ

ਅਲਾਵਲਪੁਰ, (ਮਦਨ ਬੰਗੜ)

ਪੁਲਸ ਥਾਣਾ ਆਦਮਪੁਰ ਦੇ ਅਧੀਨ ਆਉਂਦੀ ਪੁਲਸ ਚੌਂਕੀ ਅਲਾਵਲਪੁਰ ਦੇ ਖੇਤਰ 'ਚ ਬੀਤੇ ਤਿੰਨ ਦਿਨਾਂ 'ਚ ਲੁੱਟ ਖੋਹ ਦੀਆਂ ਵਰਦਾਤਾਂ ਵਿੱਚ ਵਾਧਾ ਹੋਣ ਕਾਰਨ ਇਲਾਕੇ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ ਜ਼ਿਕਰਯੋਗ ਹੈ ਕਿ ਸਿਕੰਦਰਪੁਰ-ਅਲਾਵਲਪੁਰ ਸੜਕ 'ਤੇ ਦਿਨ ਦਿਹਾੜੇ ਮੋਟਰਸਾਈਕਲ ਸਵਾਰ ਤਿੰਨ ਲੁਟੇਰਿਆਂ ਵੱਲੋਂ ਇੱਕ ਔਰਤ ਕੋਲੋਂ ਮੋਬਾਇਲ ਖੋ ਕੇ ਫਰਾਰ ਹੋਣ ਦਾ ਸਮਾਚਾਰ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪੀੜਤਾ ਸੁਰਿੰਦਰ ਕੌਰ ਪਤਨੀ ਗੁਰਦੇਵ ਸਿੰਘ ਵਾਸੀ ਸਿਕੰਦਰਪੁਰ ਨੇ ਦੱਸਿਆ ਕਿ ਉਹ 3 ਵਜੇ ਦੇ ਕਰੀਬ ਸਮਾਨ ਖਰੀਦ ਕੇ ਅਲਾਵਲਪੁਰ ਤੋਂ ਸਿਕੰਦਰਪੁਰ ਨੂੰ ਆਪਣੇ ਪਿੰਡ ਜਾ ਰਹੀ ਸੀ ਜਦੋਂ ਗੁੱਜਰਾਂ ਦੇ ਡੇਰੇ ਨਜ਼ਦੀਕ ਪਹੁੰਚੀ ਤਾਂ ਉਸ ਨੂੰ ਇੱਕ ਫੋਨ ਆ ਗਿਆ, ਜਿਸ ਨੂੰ ਸੁਣਨ ਵਾਸਤੇ ਉਹ ਐਕਟਿਵਾ ਖੜੀ ਕਰਕੇ ਫੋਨ ਸੁਣਨ ਲੱਗ ਪਈ। ਇਸ ਟਾਈਮ ਦੌਰਾਨ ਸਿਕੰਦਰਪੁਰ ਵੱਲੋਂ ਮੋਟਰਸਾਈਕਲ ਸਵਾਰ ਤਿੰਨ ਲੁਟੇਰਿਆਂ ਨੇ ਉਸ ਦੇ ਮੋਬਾਇਲ ਨੂੰ ਝਪਟਿਆ ਅਤੇ ਖੋਹ ਕੇ ਅਲਾਵਲਪੁਰ ਵੱਲ ਨੂੰ ਭੱਜ ਨਿਕਲੇ ਉਸ ਵਕਤ ਸੜਕ ਉੱਪਰ ਆਵਾਜਾਈ ਨਾ ਹੋਣ ਕਾਰਨ ਲੁਟੇਰੇ ਬੇਖੌਫ ਹੋ ਕੇ ਅਲਾਵਲਪੁਰ ਤੋਂ ਕਿਸ਼ਨਗੜ ਵੱਲ ਨੂੰ ਚਲੇ ਗਏ। ਇਸ ਸੰਬੰਧੀ ਪੁਲਸ ਚੌਂਕੀ ਅਲਾਵਲਪੁਰ ਨੂੰ ਸੂਚਨਾ ਦੇ ਦਿੱਤੀ ਗਈ ਹੈ।ਦੂਸਰੀ ਘਟਨਾ ਬੀਤੀ ਸ਼ਾਮ ਅਲਾਵਲਪੁਰ ਤੋਂ ਸ਼ਾਹਪੁਰ ਵਾਲੇ ਰਸਤੇ ਉਪਰ ਵਾਪਰੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋ ਹੋਏ ਰਮਜਾਨ ਅਲੀ ਪੁੱਤਰ ਇਲਮਦੀਨ ਵਾਸੀ ਸ਼ਾਹਪੁਰ ਨੇ ਦੱਸਿਆ ਕਿ ਉਸ ਦਾ ਭਤੀਜਾ ਆਪਣੀ ਮਾਤਾ ਦੇ ਨਾਲ ਅਲਾਵਲਪੁਰ ਤੋਂ ਦੁਵਾਈ ਲੈ ਕੇ ਵਾਪਸ ਜਾ ਰਿਹਾ ਸੀ ਕਿ ਜਦੋਂ ਉਹ ਸ਼ਾਹਪੁਰ ਰੋਡ 'ਤੇ ਪਹੁੰਚਿਆ ਤਾਂ ਪਿੱਛੋਂ ਮੋਟਰ ਸਾਈਕਲ ਸਵਾਰ ਦੋ ਲੁਟੇਰਿਆਂ ਨੇ ਉਨ੍ਹਾਂ ਦੇ ਨਜ਼ਦੀਕ ਆਣ ਕੇ ਪਿੰਡ ਚੂਹੜਵਾਲੀ ਦਾ ਰਸਤਾ ਪੁੱਛਿਆ ਅਤੇ ਮੋਟਰਸਾਈਕਲ ਤੋਂ ਉਤਰਦੇ ਸਾਰ ਹੀ ਦਾਤਰ ਕੱਢ ਲਿਆ ਅਤੇ ਉਹਨਾਂ ਦੇ ਕੋਲੋਂ ਮੋਟਰਸਾਈਕਲ ਖੋਹ ਕੇ ਫਰਾਰ ਹੋ ਗਏ। ਇਸ ਸੰਬੰਧੀ ਅਲਾਵਲਪੁਰ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਹੈ। ਤੀਜੀ ਘਟਨਾ ਬੀਤੇ ਦਿਨ ਬਿਆਸ ਪਿੰਡ ਦੇ ਨਜ਼ਦੀਕ ਵਾਪਰੀ ਹੈ ਜੋ ਕਿ ਐਕਟਿਵਾ ਸਵਾਰ ਗੁੜ ਵੇਚਣ ਵਾਲੇ ਨੂੰ ਲੁੱਟਣ ਸੰਬੰਧੀ ਹੈ। ਬੀਤੇ ਦਿਨੀ ਵਾਪਰੀਆਂ ਇਹਨਾਂ ਘਟਨਾਵਾਂ ਕਾਰਨ ਇਲਾਕੇ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।ਇਲਾਕੇ ਦੇ ਮੋਹਤਵਾਰ ਵਿਅਕਤੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਲਾਕੇ ਵਿੱਚ ਪੁਲਸ ਗਸ਼ਤ ਵਧਾਈ ਜਾਵੇ।

ਦੋ ਭਗੌੜੇ ਗ੍ਰਿਫ਼ਤਾਰ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)

ਇੰਸਪੈਕਟਰ ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਭੋਗਪੁਰ ਦੀ ਪੁਲਸ ਪਾਰਟੀ ਵੱਲੋਂ ਐਨ. ਡੀ. ਪੀ. ਐਸ. ਐਕਟ ਅਤੇ ਖੋਹ ਦੇ ਮੁਕੱਦਮਿਆਂ 'ਚ 2 ਭਗੌੜਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵਿਜੇ ਕੰਵਰ ਪਾਲ ਪੀ. ਪੀ. ਐਸ, ਉਪ ਪੁਲਸ ਕਪਤਾਨ ਸਭ ਡਿਵੀਜ਼ਨ ਆਦਮਪੁਰ ਨੇ ਦੱਸਿਆ ਕਿ ਏ ਐੱਸ ਆਈ ਕਾਬਲ ਸਿੰਘ ਨੰਬਰ 14 ਨੇ ਪੁਲਸ ਪਾਰਟੀ ਨਾਲ ਅਮਨਪ੍ਰੀਤ ਸਿੰਘ ਪੁੱਤਰ ਰਜਵੰਤ ਸਿੰਘ ਵਾਸੀ ਘੋੜਾਵਾਹੀ ਮੁਕੱਦਮਾ ਨੰਬਰ 233 'ਚ ਚੱਲ ਰਹੇ ਭਗੌੜੇ ਨੂੰ ਉਸ ਦੇ ਘਰ 'ਚ ਰੇਡ ਕਰਕੇ ਗ੍ਰਿਫ਼ਤਾਰ ਕੀਤਾ ਜਦੋਂ ਕਿ ਸਿਕੰਦਰ ਸਿੰਘ ਪੁੱਤਰ ਵਿਸਾਖਾ ਸਿੰਘ ਵਾਸੀ ਸ਼ੇਰਪੁਰ ਥਾਣਾ ਧਰਮਕੋਟ ਜ਼ਿਲ੍ਹਾ ਮੋਗਾ ਨੂੰ ਮੁਕੱਦਮਾ ਨੰਬਰ 171 'ਚ ਭਗੌੜਾ ਹੋਣ 'ਤੇ ਏ. ਐਸ. ਆਈ ਰਾਮ ਕਿਸ਼ਨ 162 ਥਾਣਾ ਭੋਗਪੁਰ ਅਤੇ ਪੀ. ਓ ਸਟਾਫ ਵਿੱਚ ਤਾਇਨਾਤ ਏ. ਐਸ. ਆਈ ਕੁਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਨੇ ਸਪੈਸ਼ਲ ਨਾਕਾਬੰਦੀ ਦੌਰਾਨ ਗ੍ਰਿਫ਼ਤਾਰ ਕੀਤਾ ਹੈ।

ਪੰਜਾਬ ਦੇ ਡੀਪੂ ਹੋਲਡਰਜ਼ 16 ਨੂੰ ਦਿੱਲੀ 'ਚ ਕਰਨਗੇ ਰੋਸ ਮੁਜ਼ਾਹਰਾ

ਫਗਵਾੜਾ (ਡਾ. ਰਮਨ)

ਡੀਪੂ ਹੋਲਡਰਜ਼ ਯੂਨੀਅਨ ਫਗਵਾੜਾ ਦੀ ਇਕ ਮੀਟਿੰਗ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਮੋਹਨ ਦੀ ਅਗਵਾਈ ਹੇਠ ਸਥਾਨਕ ਰੈਸਟ ਹਾਊਸ ਵਿਖੇ ਹੋਈ। ਜਿਸ ਵਿਚ ਡੀਪੂ ਹੋਲਡਰਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸੁਰਿੰਦਰ ਮੋਹਨ ਅਤੇ ਚੇਅਰਮੈਨ ਬੀਰਾ ਰਾਮ ਵਲਜੋਤ ਨੇ ਦੱਸਿਆ ਕਿ ਇਲੈਕਟ੍ਰਾਨਿਕ ਤਕਨੀਕ ਵਾਲੀਆਂ ਮਸ਼ੀਨਾਂ ਦੀ ਘਾਟ ਹੋਣ ਕਾਰਨ ਖਪਤਕਾਰਾਂ ਨੂੰ ਰਾਸ਼ਨ ਪ੍ਰਾਪਤ ਕਰਨ ਵਿਚ ਮੁਸ਼ਕਿਲ ਹੋ ਰਹੀ ਹੈ। ਜਨਤਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੂੰ ਅਪੀਲ ਹੈ ਕਿ ਹਰੇਕ ਡੀਪੂ ਹੋਲਡਰ ਨੂੰ ਨਵੀਂ ਮਸ਼ੀਨ ਦਿੱਤੀ ਜਾਵੇ। ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਸਾਰੇ ਡੀਪੂ ਹੋਲਡਰਾਂ ਨੂੰ ਬਰਾਬਰ ਮਾਤਰਾ ਵਿਚ ਰਾਸ਼ਨ ਕਾਰਡ ਲਗਾਏ ਜਾਣ ਅਤੇ ਕਣਕ ਦੀ ਵੰਡ ਦੇ ਬਦਲੇ ਡੀਪੂ ਹੋਲਡਰਾਂ ਨੂੰ ਮਿਲਣ ਵਾਲਾ ਭੱਤਾ ਵਧਾਇਆ ਜਾਵੇ। ਕਿਉਂਕਿ ਮਹਿੰਗਾਈ ਦੇ ਕਾਰਨ ਉਹਨਾਂ ਲਈ ਆਪਣੇ ਪਰਿਵਾਰਾਂ ਨੂੰ ਪਾਲਣਾ ਬਹੁਤ ਮੁਸ਼ਕਿਲ ਹੋ ਗਿਆ ਹੈ। ਉਹਨਾਂ ਨੇ ਦੱਸਿਆ ਕਿ 16 ਜਨਵਰੀ ਨੂੰ ਪੰਜਾਬ ਭਰ ਦੇ ਸਾਰੇ ਡੀਪੂ ਹੋਲਡਰ ਦਿੱਲੀ ਰਵਾਨਾ ਹੋਣਗੇ ਅਤੇ ਰੋਸ ਮੁਜਾਹਰਾ ਕਰਦੇ ਹੋਏ ਕੇਂਦਰ ਸਰਕਾਰ ਨੂੰ ਆਪਣੀਆਂ ਮੁਸ਼ਕਿਲਾਂ ਨਾਲ ਜਾਣੂ ਕਰਵਾਇਆ ਜਾਵੇਗਾ। ਉਹਨਾਂ ਸਪੱਸ਼ਟ ਕਿਹਾ ਕਿ ਜੇਕਰ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕੀਤਾ ਤਾਂ ਜਨਵਰੀ ਤੋਂ ਮਾਰਚ ਤੱਕ ਦੀ ਕਣਕ ਦੀ ਵੰਡ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕੀਤਾ ਜਾਵੇਗਾ। ਇਸ ਮੌਕੇ ਮੀਤ ਪ੍ਰਧਾਨ ਸੰਜੀਵ ਸ਼ਰਮਾ, ਜਨਰਲ ਸਕੱਤਰ ਨਿਰਮਲ ਸਿੰਘ, ਕਿਸ਼ੋਰੀ ਲਾਲ, ਕੈਸ਼ੀਅਰ ਅਨਿਲ ਪਾਂਡੇ, ਸੁਧੀਰ ਕੁਮਾਰ ਤੋਂ ਇਲਾਵਾ ਜਸਵਿੰਦਰ ਸਿੰਘ ਹਰਕਿਸ਼ਨ ਦੁੱਗਲ, ਜਗਦੀਸ਼ ਰਾਮ, ਰਾਜੀਵ ਕੁਮਾਰ, ਰਾਜ ਕਮਲ ਸਮੇਤ ਐਸੋਸੀਏਸ਼ਨ ਦੇ ਸਮੂਹ ਮੈਂਬਰ ਤੇ ਅਹੁਦੇਦਾਰ ਹਾਜਰ ਸਨ।

ਕਾਮਰੇਡ ਦਰਸ਼ਨ ਸਿੰਘ ਦੌਲਤਪੁਰ ਨੂੰ ਸ਼ਰਧਾਂਜਲੀਆਂ ਭੇਟ

ਬਹਿਰਾਮ (ਅਵਤਾਰ ਕਲੇਰ)-ਪਿੰਡ ਦੌਲਤਪੁਰ ਵਿਖੇ ਕਾਮਰੇਡ ਦਰਸਨ ਸਿੰਘ ਦੌਲਤਪੁਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ ਮੌਕੇ 'ਤੇ ਬੋਲਦਿਆਂ ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਕਾਮਰੇਡ ਦਰਸ਼ਨ ਸਿੰਘ ਦੌਲਤਪੁਰ ਪਹਿਲਾਂ ਲਾਲ ਪਾਰਟੀ ਵਿੱਚ ਰਹੇ। 1964 ਵਿੱਚ ਜਦੋਂ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦਾ ਗਠਨ ਹੋਇਆ ਉਦੋਂ ਤੋਂ ਲੈ ਕੇ ਹੁਣ ਤੱਕ ਸੀ ਪੀ ਆਈ ਐਮ ਦੇ ਇਮਾਨਦਾਰ ਅਤੇ ਵਫਾਦਾਰ ਸਿਪਾਹੀ ਬਣ ਕੇ ਪਾਰਟੀ ਦੀ ਸੇਵਾ ਕੀਤੀ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵੀ ਪਾਰਟੀ ਦੀ ਚੇਟਕ ਲਾਈ। ਉਨ੍ਹਾਂ ਦੇ ਦੋਵੇਂ ਲੜਕੇ ਬਲਦੇਵ ਸਿੰਘ ਤੇ ਹੁਸ਼ਿਆਰ ਸਿੰਘ ਪਾਰਟੀ ਮੈਂਬਰ ਹਨ। ਸੂਬਾ ਕਮੇਟੀ ਮੈਂਬਰ ਕਾਮਰੇਡ ਦਰਸਨ ਸਿੰਘ ਮੱਟੂ ਨੇ ਵੀ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਜ਼ਿਲ੍ਹਾ ਸਕੱਤਰ ਬਲਵੀਰ ਸਿੰਘ ਜਾਡਲਾ ਨੇ ਦਸਿਆ ਕਿ ਸਾਥੀ ਜੀ ਪਾਰਟੀ ਦੇ ਪ੍ਰੋਗਰਮਾਂ ਨੂੰ ਘਰੇਲੂ ਕੰਮਾਂ ਤੋਂ ਵਧ ਤਰਜੀਹ ਦਿੰਦੇ ਸਨ। ਇਸ ਮੌਕੇ 'ਤੇ ਕੁਲਦੀਪ ਝਿੰਗੜ,ਸਰਾਧੂ ਰਾਮ ਤਾਜੋਵਾਲ, ਸ਼ਿੰਗਾਰਾ ਰਾਮ ਬੜਵਾ, ਸਰਪੰਚ ਕਸ਼ਮੀਰ ਸਿੰਘ , ਸਰਜੀਵਨ ਸਿੰਘ , ਰਣਜੀਤ ਸਿੰਘ , ਹਰਭਜਨ ਸਿੰਘ , ਹਰਜਸਵਿੰਦਰ ਪਾਲ ਸਿੰਘ ਸੋਢੀ, ਜੋਗਾ ਸਿੰਘ ਥਾਂਦੀ , ਤਰਨਜੀਤ ਕੌਰ ਗਰਚਾ ਚੇਅਰਪਰਸਨ ਬਲਾਕ ਸੰਮਤੀ ਨਵਾਂਸਹਿਰ,ਸੋਹਣ ਸਿੰਘ

5-Jan-PAGE-9.qxd 1/4/2024 11:13 PM Page 1

ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਰੋਸ ਮਾਰਚ ਦੀ ਲਾਮਬੰਦੀ ਲਈ ਬਹਿਲਾਨਾ ਵਿਖੇ ਮੀਟਿੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)

ਯੂ.ਟੀ. ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਰਜਾ ਦਿਵਾਉਣ ਲਈ ਲਗਾਤਾਰ ਯਤਨਸ਼ੀਲ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ 21 ਫ਼ਰਵਰੀ ਨੂੰ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਚੰਡੀਗੜ੍ਹ ਵਿੱਚ ਕੱਢੇ ਜਾਣ ਵਾਲ ਰੋਸ ਮਾਰਚ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਪਿੰਡ ਬਹਿਲਾਨਾ ਸਥਿਤ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਅਤੇ ਜਸਵਿੰਦਰ ਕੌਰ ਬਹਿਲਾਨਾ ਦੇ ਯਤਨਾਂ ਸਦਕਾ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਸੁੱਖਾ ਹੱਲੋਮਾਜਰਾ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ।ਮੰਚ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿੱਚ ਪੇਂਡੂ ਸੰਘਰਸ ਕਮੇਟੀ ਦੇ ਸਰਪ੍ਰਸਤ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਤਰਕਸ਼ੀਲ ਸੋਸਾਇਟੀ ਤੋਂ ਜੋਗਾ ਸਿੰਘ ਨੇ ਵੀ ਸ਼ਮੂਲੀਅਤ ਕੀਤੀ।ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਪਿੰਡ ਬਹਿਲਾਨਾ ਦੇ ਲੋਕਾਂ ਨੂੰ ਰੋਸ ਮਾਰਚ ਵਾਸਤੇ ਲਾਮਬੰਦ ਕੀਤਾ ਗਿਆ ਅਤੇ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਲੋਕਾਂ ਨੂੰ ਮਾਰਚ ਵਿੱਚ ਸ਼ਾਮਿਲ ਕਰਵਾਇਆ ਜਾਵੇ ਤਾਂ ਜੋ ਯੂ.ਟੀ. ਚੰਡੀਗੜ੍ਹ ਪ੍ਰਸ਼ਾਸਨ ਦੇ ਕੰਨਾਂ ਤੱਕ ਮਾਂ ਬੋਲੀ ਪੰਜਾਬੀ ਦੇ ਮਾਣ ਸਨਮਾਨ ਦੀ ਅਵਾਜ਼ ਪਹੁੰਚਾਈ ਜਾ ਸਕੇ ਅਤੇ ਇੱਥੇ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਾ ਦਰਜਾ ਦਿਵਾਉਣ ਦੀ ਮੰਗ ਜ਼ੋਰਦਾਰ ਢੰਗ ਨਾਲ ਰੱਖੀ ਜਾ ਸਕੇ।ਪ੍ਰਧਾਨ ਸੁਖਜੀਤ ਸਿੰਘ ਸੁੱਖਾ ਨੇ ਦੱਸਿਆ ਕਿ 21 ਫ਼ਰਵਰੀ ਨੂੰ ਸੈਕਟਰ 34 ਸਥਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਖੇ ਇਕੱਤਰ ਹੋ ਕੇ ਵੱਡੀ ਗਿਣਤੀ ਪੰਜਾਬੀ ਹਿਤੈਸ਼ੀ ਆਪੋ ਆਪਣੀਆਂ ਕਾਰਾਂ ਅਤੇ ਸਕੂਟਰਾਂ/ਮੋਟਰਸਾਈਕਲਾਂ ਉਤੇ ਰੋਸ ਮਾਰਚ ਕੱਢਣਗੇ ਜੋ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਅਤੇ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਪਿੰਡ ਖੁੱਡਾ ਅਲੀਸ਼ੇਰ ਦੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਸਮਾਪਤ ਹੋਵੇਗਾ।ਇਸ ਮੌਕੇ ਮੀਟਿੰਗ ਵਿੱਚ ਮੌਜੂਦ ਗੁਰਦੁਆਰਾ ਸਾਹਿਬ ਬਹਿਲਾਨਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਅਤੇ ਪੇਂਡੂ ਸੰਘਰਸ਼ ਕਮੇਟੀ ਤੋਂ ਬੀਬੀ ਜਸਵਿੰਦਰ ਕੌਰ ਬਹਿਲਾਨਾ ਨੇ ਵਿਸ਼ਵਾਸ ਦਿਵਾਇਆ ਕਿ ਮੰਚ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਕੱਢੇ ਜਾਣ ਵਾਲੇ ਰੋਸ ਮਾਰਚ ਵਿੱਚ ਵੱਡੀ ਗਿਣਤੀ ਲੋਕ ਇਸ ਪਿੰਡ ਤੋਂ ਸ਼ਾਮਿਲ ਹੋਣਗੇ।

ਪਲੇਟਫਾਰਮ 'ਤੇ ਨੌਜਵਾਨ ਨੂੰ ਜ਼ਖ਼ਮੀ ਕਰ ਕੇ ਕੀਤੀ ਲੁੱਟ

ਫਿਲੌਰ (ਨਿਰਮਲ)- ਆਪਣੇ ਘਰ ਨੂੰ ਜਾਣ ਲਈ ਰੇਲਵੇ ਸਟੇਸ਼ਨ ਫਿਲੌਰ ਦੇ ਪਲੇਟਫਾਰਮ 'ਤੇ ਖੜ੍ਹ ਕੇ ਰੇਲ ਗੱਡੀ ਦੀ ਉਡੀਕ ਕਰ ਰਹੇ ਇੱਕ ਵਿਅਕਤੀ ਕੋਲੋਂ ਲੁੱਟ ਕੀਤੀ ਅਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਉਸਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਨੌਜਵਾਨ ਇਮਰਾਨ ਖਾਨ ਪੁੱਤਰ ਦੌਨਦਨ ਖ਼ਾਨ ਵਾਸੀ ਬਰੇਲੀ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਇਮਰਾਨ ਨੇ ਦੱਸਿਆ ਕਿ ਉਹ ਸੂਟਾਂ ਦੀ ਸਿਲਾਈ ਕਢਾਈ ਦਾ ਵਪਾਰ ਕਰਦਾ ਹੈ, ਉਸ ਨੇ ਬਰੇਲੀ ਜਾਣਾ ਸੀ ਤਾਂ ਰੇਲਵੇ ਸਟੇਸ਼ਨ ਫਿਲੌਰ ਦੇ ਪਲੇਟਫਾਰਮ 'ਤੇ ਉਹ ਰੇਲ ਗੱਡੀ ਦੀ ਉਡੀਕ ਕਰ ਰਿਹਾ ਸੀ ਕਿ ਉਸ ਕੋਲ 2 ਨੌਜਵਾਨ ਆਏ ਅਤੇ ਉਸਦਾ ਸਮਾਨ ਰੇਲ ਗੱਡੀ ਵਿੱਚ ਚੜ੍ਹਾਉਣ ਦੀ ਗੱਲ ਆਖਣ ਲੱਗੇ। ਨੌਜਵਾਨਾਂ ਨੇ ਜ਼ਬਰਦਸਤੀ ਉਸਦੇ ਹੈਂਡ ਬੈਗ ਨੂੰ ਹੱਥ ਪਾ ਲਿਆ, ਜਿਸ ਦਾ ਉਸਨੇ ਵਿਰੋਧ ਕੀਤਾ ਤਾਂ ਉਕਤ ਨੌਜਵਾਨਾਂ ਨੇ ਉਸ ਉਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ। ਇਮਰਾਨ ਨੇ ਦੱਸਿਆ ਕਿ ਉਕਤ ਲੁਟੇਰੇ ਉਸ ਪਾਸੋਂ ਆਈ ਫੋਨ, ਕੀਮਤੀ ਸਮਾਨ ਅਤੇ ਬੈਗ ਵਿਚ ਹੀ ਪਈ 40 ਹਜ਼ਾਰ ਦੀ ਨਕਦੀ ਲੈ ਕੇ ਫਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਮੁਖੀ ਫਿਲੌਰ ਨੀਰਜ ਕੁਮਾਰ ਪੁਲਸ ਪਾਰਟੀ ਸਮੇਤ ਪਹੁੰਚ ਗਏ।ਰੇਲਵੇ ਚੌਕੀ ਦੇ ਇੰਚਾਰਜ ਏ.ਐਸ.ਆਈ.ਮਲਕੀਤ ਸਿੰਘ ਨੇ ਦੱਸਿਆ ਕਿ ਉਹ ਇਮਰਾਨ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਉਕਤ ਲੁਟੇਰਿਆਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

ਡਿਪਟੀ ਸਪੀਕਰ ਵੱਲੋਂ ਆਈ ਐਸ ਆਈ ਤੇ ਹਾਲਮਾਰਕ ਸੰਬੰਧੀ ਜਾਗਰੂਕਤਾ ਫੈਲਾਉਣ ਦਾ ਸੱਦਾ

ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)

ਖਪਤਕਾਰ ਮਾਮਲੇ, ਖ਼ੁਰਾਕ ਅਤੇ ਜਨਤਕ ਵੰਡ ਮੰਤਰਾਲਾ, ਭਾਰਤ ਸਰਕਾਰ ਨਾਲ ਸਬੰਧਤ ਭਾਰਤੀ ਮਿਆਰ ਬਿਊਰੋ ਦੀ ਚੰਡੀਗੜ੍ਹ ਸ਼ਾਖਾ ਦਫ਼ਤਰ ਸੀ. ਐਚ. ਬੀ. ਓ ਵੱਲੋਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬਲਰਾਜ ਸਿੰਘ ਦੇ ਸਹਿਯੋਗ ਨਾਲ ਬਲਾਕ ਗੜ੍ਹਸ਼ੰਕਰ ਵਿਖੇ ਬੀ. ਡੀ. ਪੀ. ਓ ਮਨਜਿੰਦਰ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਦਾ ਚੌਥਾ ਗ੍ਰਾਮ ਪੰਚਾਇਤ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ 77 ਦੇ ਕਰੀਬ ਪੰਚਾਂ-ਸਰਪੰਚਾਂ ਅਤੇ ਸੰਮਤੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌਡੀ ਨੇ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਹਾਜ਼ਰੀਨ ਪੰਚਾਂ-ਸਰਪੰਚਾਂ, ਸੰਮਤੀ ਮੈਂਬਰਾਂ ਅਤੇ ਆਮ ਲੋਕਾਂ ਨੂੰ ਆਈ. ਐਸ. ਆਈ ਅਤੇ ਹਾਲਮਾਰਕ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਬੀ. ਆਈ. ਐਸ ਐਪ ਦੀ ਵਰਤੋਂ ਕਰਕੇ ਜਿਥੇ ਲੋਕ ਵਧੀਆ ਕੁਆਲਿਟੀ ਦਾ ਸਾਮਾਨ ਹਾਸਲ ਕਰ ਸਕਦੇ ਹਨ, ਉਥੇ ਠੱਗੀ ਤੋਂ ਵੀ ਬਚ ਸਕਦੇ ਹਨ। ਉਨ੍ਹਾਂ ਭਾਰਤੀ ਮਿਆਰ ਬਿਊਰੋ ਦੇ ਨੁਮਾਇੰਦਿਆਂ ਦੇ ਇਸ ਉੱਦਮ ਦੀ ਭਰਵੀਂ ਸ਼ਲਾਘਾ ਕੀਤੀ।ਇਸ ਮੌਕੇ ਬੀ. ਆਈ. ਐਸ ਵੱਲੋਂ ਪਿੰਡਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਕਿਤਾਬਚੇ, ਫਲਾਇਰ ਅਤੇ ਖੇਤੀਬਾੜੀ ਨਾਲ ਸਬੰਧਤ ਜਾਣਕਾਰੀ ਹਾਜ਼ਰੀਨ ਵਿਚ ਵੰਡੀ ਗਈ, ਤਾਂ ਜੋ ਉਨ੍ਹਾਂ ਦੇ ਰੋਜ਼ਾਨਾ ਜੀਵਨ ਦੇ ਨਾਲ-ਨਾਲ ਖੇਤੀਬਾੜੀ ਖੇਤਰ ਦੇ ਗਿਆਨ ਵਿਚ ਵੀ ਵਾਧਾ ਕੀਤਾ ਜਾ ਸਕੇ। ਸਮਾਗਮ ਦੌਰਾਨ ਪੰਚਾਂ-ਸਰਪੰਚਾਂ ਨੂੰ ਵਿਕਾਸ ਗਤੀਵਿਧੀਆਂ ਲਈ ਨਿੱਜੀ ਲੋੜਾਂ, ਪਿੰਡਾਂ ਦੇ ਵਿਕਾਸ ਲਈ ਅਤੇ ਖੇਤਾਂ ਵਿਚ ਸਿੰਚਾਈ ਸਰੋਤ ਬਣਾਉਣ ਸਮੇਂ ਮਿਆਰੀ ਸਾਮਾਨ ਖ਼ਰੀਦਣ ਲਈ ਮਿਆਰਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਹਾਜ਼ਰੀਨ ਵੱਲੋਂ ਬੀ. ਆਈ. ਐਸ ਕੇਅਰ ਐਪ ਨੂੰ ਵੀ ਡਾਊਨਲੋਡ ਕੀਤਾ ਗਿਆ ਅਤੇ ਅਸਲ ਆਈ. ਐਸ. ਆਈ ਮਾਰਕ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ ਲਈ ਇਸ ਐਪ ਦੀ ਵਰਤੋਂ ਕਰਨਾ ਵੀ ਸਿਖਾਇਆ ਗਿਆ ਤਾਂ ਜੋ ਰੋਜ਼ਾਨਾ ਜੀਵਨ ਵਿਚ ਮਿਆਰਾਂ ਬਾਰੇ ਉਨ੍ਹਾਂ ਦੇ ਗਿਆਨ ਵਿਚ ਵਾਧਾ ਹੋ ਸਕੇ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਮਹਿਲਾ ਪੰਚਾਇਤ ਮੈਂਬਰਾਂ ਨੇ ਹਾਲ ਮਾਰਕਿੰਗ ਅਤੇ ਬੀ. ਆਈ. ਐਸ ਕੇਅਰ ਐਪ 'ਤੇ ਚਰਚਾ ਵਿਚ ਉਤਸ਼ਾਹ ਨਾਲ ਭਾਗ ਲਿਆ। ਹਾਜ਼ਰੀਨ ਵੱਲੋਂ ਬੜੇ ਜੋਸ਼ ਨਾਲ 'ਜਾਗੋ ਗ੍ਰਾਹਕ ਜਾਗੋ' ਦਾ ਨਾਅਰੇ ਵੀ ਲਗਾਏ ਗਏ। ਹਾਜ਼ਰ ਪੰਚਾਇਤ ਮੈਂਬਰਾਂ ਨੇ ਵਰਕਸ਼ਾਪ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਦੀ ਪ੍ਰਭਾਵੀ ਵਰਤੋਂ ਕਰਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਹ ਇਹ ਜਾਣ ਕੇ ਹੈਰਾਨ ਹੋ ਗਏ ਕਿ ਉਹ ਬੀ. ਆਈ. ਐਸ ਕੇਅਰ ਐਪ 'ਤੇ ਖ਼ੁਦ ਸਿੱਧੇ ਤੌਰ 'ਤੇ ਸ਼ਿਕਾਇਤ ਕਰ ਸਕਦੇ ਹਨ ਅਤੇ ਸਟੈਂਡਰਡ ਮਾਰਕ ਦੀ ਦੁਰਵਰਤੋਂ ਦੀ ਜਾਂਚ ਕਰ ਸਕਦੇ ਹਨ, ਜਿਸ ਦਾ ਵਿਭਾਗ ਵੱਲੋਂ ਇਕ ਮਹੀਨੇ ਦੇ ਅੰਦਰ ਨਿਪਟਾਰਾ ਕਰਨਾ ਹੁੰਦਾ ਹੈ। ਇਸ ਮੌਕੇ ਬੀ. ਡੀ. ਪੀ. ਓ ਮਨਜਿੰਦਰ ਕੌਰ ਨੇ ਆਏ ਮਹਿਮਾਨਾਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ ਅਤੇ ਵਾਅਦਾ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਅਜਿਹੇ ਕੈਂਪ ਪਿੰਡ ਪੱਧਰ 'ਤੇ ਵੀ ਲਗਾਏ ਜਾਣਗੇ। ਉਨ੍ਹਾਂ ਬੀ. ਆਈ. ਐਸ ਵਿਭਾਗ ਤੋਂ ਆਏ ਸਲਾਹਕਾਰ ਦਲਬੀਰ ਸਿੰਘ, ਰਿਸੋਰਸ ਪਰਸਨ ਫੋਰਨ ਚੰਦ ਅਤੇ ਯੋਗਰਾਜ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਿੱਦੀਕੀ, ਸੁਪਰਡੈਂਟ ਜੀਵਨ ਅਤੇ ਬੀ. ਡੀ. ਪੀ. ਓ ਦਫ਼ਤਰ ਗੜ੍ਹਸ਼ੰਕਰ ਦਾ ਸਮੁੱਚਾ ਸਟਾਫ ਹਾਜ਼ਰ ਸੀ।

ਡੇਅਰੀ ਕਿੱਤੇ 'ਚ ਸਵੈ-ਰੋਜ਼ਗਾਰ ਦੀ ਸਿਖਲਾਈ ਦਾ ਪਹਿਲਾ ਬੈਚ 8 ਤੋਂ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਪੰਜਾਬ ਰਾਜ ਦੇ ਬੇਰੋਜ਼ਗਾਰ ਨੌਜ਼ਵਾਨਾਂ/ ਔਰਤਾਂ ਨੂੰ 02 ਹਫ਼ਤੇ ਦੀ ਡੇਅਰੀ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਡਾਇਰੈਕਟਰ ਡੇਅਰੀ, ਐਸ.ਏ.ਐਸ. ਨਗਰ ਵਿਨੀਤ ਕੌੜਾ ਵੱਲੋਂ ਦੱਸਿਆ ਗਿਆ ਕਿ ਇਸ ਸਿਖਲਾਈ ਦਾ ਮੁੱਖ ਮੰਤਵ ਪੇਂਡੂ ਬੇਰੋਜ਼ਗਾਰ ਨੌਜਵਾਨਾਂ/ਔਰਤਾਂ ਨੂੰ ਡੇਅਰੀ ਦਾ ਕਿੱਤਾ ਅਪਨਾਉਣ ਲਈ ਪ੍ਰੋਤਸਾਹਿਤ ਕਰਨਾ ਹੈ। ਸਾਲ 2024 ਦਾ ਪਹਿਲਾ ਬੈਚ 8 ਜਨਵਰੀ 2024 ਨੂੰ ਐਸ.ਏ.ਐਸ.ਨਗਰ ਦੇ ਉਮੀਦਵਾਰਾਂ ਲਈ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਚਤਾਮਲੀ (ਰੋਪੜ) ਵਿਖੇ ਚਲਾਇਆ ਜਾਵੇਗਾ। ਇਸ ਸਿਖਲਾਈ ਲਈ ਉਮੀਦਵਾਰ ਦੀ ਉਮਰ 18 ਤੋਂ 55 ਸਾਲ ਦੀ ਹੋਣੀ ਚਾਹੀਦੀ ਹੈ, ਉਹ ਘੱਟੋ ਘੱਟ ਪੰਜਵੀ ਪਾਸ ਹੋਵੇ ਅਤੇ ਸਿਖਿਆਰਥੀ ਪੇਂਡੂ ਇਲਾਕੇ ਨਾਲ ਸਬੰਧਤ ਹੋਵੇ।ਇਸ ਸਿਖਲਾਈ ਲਈ 1000/- ਰੁਪਏ ਦੀ ਫੀਸ ਜਨਰਲ ਜਾਤੀ ਅਤੇ 750/- ਰੁਪਏ ਦੀ ਫੀਸ ਅਨੁਸੂਚਿਤ ਜਾਤੀ ਦੇ ਸਿਖਿਆਰਥੀਆਂ ਵੱਲੋਂ ਅਦਾ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਕਮਰਾ ਨੰ. 434, ਤੀਜੀ ਮੰਜਿਲ, ਡਿਪਟੀ ਕਮਿਸ਼ਨਰ ਕੰਪਲੈਕਸ, ਸੈਕਟਰ 76, ਐਸ.ਏ.ਐਸ. ਨਗਰ ਜਾਂ ਮੋਬਾਇਲ ਨੰਬਰ 8567085670 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਾਲਾਨਾ ਛਿੰਝ ਮੇਲਾ 14 ਨੂੰ

ਫਿਲੌਰ (ਨਿਰਮਲ)- ਬਾਬਾ ਫਰੀਦ ਯਾਦਗਾਰੀ ਸਾਲਾਨਾ ਛਿੰਝ ਮੇਲਾ 14 ਜਨਵਰੀ ਦਿਨ ਐਤਵਾਰ ਨੂੰ ਪਿੰਡ ਤੇਹਿੰਗ (ਫਿਲੌਰ) ਵਿਖੇ ਪਿੰਡ ਨਿਵਾਸੀਆਂ ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਨਾਮੀ ਪਹਿਲਵਾਨ ਭਾਗ ਲੈਣਗੇ। ਇਹ ਜਾਣਕਾਰੀ ਸਰਪੰਚ ਸਤਪਾਲ ਸਿੰਘ ਜੌਹਲ ਵੱਲੋਂ ਦਿੱਤੀ ਗਈ।

67ਵੀਆਂ ਨੈਸ਼ਨਲ ਸਕੂਲ ਖੇਡਾਂ ਭਲਕ ਤੋਂ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

67ਵੀਆਂ ਨੈਸ਼ਨਲ ਸਕੂਲ ਖੇਡਾਂ ਹਾਕੀ ਅੰਡਰ-19 (ਲੜਕੇ-ਲੜਕੀਆਂ) ਦੇ ਮੁਕਾਬਲੇ 6 ਤੋਂ 11 ਜਨਵਰੀ ਤੱਕ ਜ਼ਿਲ੍ਹਾ ਜਲੰਧਰ ਵਿੱਚ ਕਰਵਾਏ ਜਾਣਗੇ।ਇਨ੍ਹਾਂ ਖੇਡਾਂ ਵਿੱਚ ਦੇਸ਼ ਦੇ 26 ਰਾਜਾਂ ਦੇ ਕੁੱਲ 887 ਖਿਡਾਰੀ ਭਾਗ ਲੈਣਗੇ ਅਤੇ ਮੈਚ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ, ਪੀ.ਏ.ਪੀ., ਬੀ.ਐਸ.ਐਫ., ਲਾਇਲਪੁਰ ਖਾਲਸਾ ਕਾਲਜ ਅਤੇ ਦੋਆਬਾ ਖਾਲਸਾ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਖੇਡੇ ਜਾਣਗੇ।ਇਸ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਰਿਹਾਇਸ਼, ਟਰਾਂਸਪੋਰਟ, ਮੈਡੀਕਲ ਟੀਮਾਂ ਦੀ ਤਾਇਨਾਤੀ, ਸੁਰੱਖਿਆ ਸਮੇਤ ਹੋਰ ਲੋੜੀਂਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ।ਉਨ੍ਹਾ ਕਿਹਾ ਕਿ ਸਮੁੱਚੇ ਪ੍ਰਬੰਧਾਂ ਦੀ ਸੁਚੱਜੀ ਵਿਉਂਤਬੰਦੀ ਕਰਕੇ ਉਸ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਖੇਡਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ । ਉਨ੍ਹਾ ਕਿਹਾ ਕਿ ਇਸ ਸਮਾਗਮ ਸਦਕਾ ਉਭਰਦੇ ਖਿਡਾਰੀਆਂ ਨੂੰ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਦਾ ਵੱਡਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਖੇਡਾਂ ਨੂੰ ਸਫ਼ਲ ਬਣਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ।ਵਧੀਕ ਡਿਪਟੀ ਕਮਿਸ਼ਨਰ ਨੇ ਸਿੱਖਿਆ ਅਤੇ ਖੇਡ ਵਿਭਾਗ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੇ ਨਾਲ-ਨਾਲ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਖਿਡਾਰੀਆਂ ਦੇ ਠਹਿਰਨ, ਯਾਤਰਾ ਆਦਿ ਦੇ ਪ੍ਰਬੰਧਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਲਈ ਵੀ ਕਿਹਾ।ਇਸ ਮੌਕੇ ਐਸ.ਡੀ.ਐਮ. ਜੈ ਇੰਦਰ ਸਿੰਘ, ਐਸ.ਡੀ.ਐਮ. ਬਲਬੀਰ ਰਾਜ, ਡਿਪਟੀ ਡੀ.ਈ.ਓ. ਰਾਜੀਵ ਜੋਸ਼ੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

100 ਬੋਰੇ ਸ਼ੱਕੀ ਤੇ ਨਾ ਖਾਣ ਯੋਗ ਖੰਡ ਬਰਾਮਦ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਜਿਲ੍ਹਾ ਸਿਹਤ ਅਫਸਰ ਵੱਲੋਂ ਹੁਸ਼ਿਆਰਪੁਰ ਵਾਸੀ

5-JAN-PAGE-10.qxd 1/4/2024 10:48 PM Page 1

ਬੱਸ ਮੁਲਾਜ਼ਮਾਂ ਨੇ ਫੂਕੀ ਸਰਕਾਰ ਦੀ ਅਰਥੀ, ਕੀਤੀ ਗੇਟ ਰੈਲੀ

■ ਨਵੇਂ ਟ੍ਰੈਫਿਕ ਰੂਲਾਂ ਨੂੰ ਰੱਦ ਕਰੇ ਕੇਂਦਰ ਸਰਕਾਰ : ਗੁਰਸੇਵਕ ਸਿੰਘ

ਬੁਢਲਾਡਾ (ਅਸ਼ੋਕ ਕਾਲੜਾ)

ਨਵੇਂ ਟ੍ਰੈਫਿਕ ਰੂਲਜ਼ ਖਿਲਾਫ ਪੰਜਾਬ ਰੋਡਵੇਜ਼ ਪਨਬੱਸ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਭਾਰਤ ਦੇ ਨਾਲ ਨਾਲ ਪੂਰੇ ਪੰਜਾਬ ਵਿੱਚ ਟ੍ਰੈਫਿਕ ਨਿਯਮਾਂ ਖਿਲਾਫ ਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਖਿਲਾਫ ਗੇਟ ਰੈਲੀਆਂ ਕਰਕੇ ਕੇਂਦਰ ਦਾ ਪੁਤਲਾ ਫੂਕਿਆ ਗਿਆ। ਬੁਢਲਾਡਾ ਡਿੱਪੂ ਦੇ ਗੇਟ 'ਤੇ ਬੋਲਦਿਆਂ ਪ੍ਰਧਾਨ ਗੁਰਸੇਵਕ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਲੇਬਰ ਐਕਟਾਂ ਵਿੱਚ ਸੋਧ ਦੇ ਨਾਮ 'ਤੇ ਨਿੱਜੀ ਕੰਪਨੀ ਨੂੰ ਲੁੱਟ ਕਰਾਉਣ ਦੀ ਕੋਸ਼ਿਸ਼, ਫਿਰ ਕਿਸਾਨਾਂ 'ਤੇ ਐਕਟ ਲਿਆ ਕੇ ਕਿਸਾਨੀ ਦੀ ਲੁੱਟ ਕਰਾਉਣੀ ਚਾਹੀ, ਹੁਣ ਟ੍ਰੈਫਿਕ ਨਿਯਮਾਂ ਵਿੱਚ ਸੋਧ ਦੇ ਨਾਮ 'ਤੇ ਪੂਰੇ ਭਾਰਤ ਦੇ ਡਰਾਈਵਰਾਂ ਆਮ ਵਰਗ 'ਤੇ ਮਾਰੂ ਕਾਨੂੰਨ ਲਾਗੂ ਕਰਨ ਵੱਲ ਕੇਂਦਰ ਸਰਕਾਰ ਤੁਰੀ ਹੈ, ਜਿਸ ਦਾ ਪੂਰੇ ਭਾਰਤ ਵਿੱਚ ਵਿਰੋਧ ਹੋ ਰਿਹਾ ਹੈ। ਇਸ ਐਕਟ ਵਿੱਚ ਜੋ ਸੈਕਸ਼ਨ 106 (2) ਬੀ ਐੱਨ ਐੱਸ ਵਿੱਚ ਡਰਾਈਵਰਾਂ ਨੂੰ 10 ਦੀ ਸਜ਼ਾ ਤੇ ਜੁਰਮਾਨੇ ਦੀ ਸੋਧ ਕੀਤੀ ਹੈ, ਉਹ ਡਰਾਈਵਰਾਂ ਨਾਲ ਬਿਲਕੁੱਲ ਧੱਕੇਸ਼ਾਹੀ ਹੈ ਅਤੇ ਧਾਰਾ 104 (2) ਵਿੱਚ ਸੋਧ ਜੋ ਕਿ ਕਿਸੇ ਨੂੰ ਵੀ ਗਵਾਹ ਬਣਾਉਣ ਦੀ ਗੱਲ ਕਹਿੰਦੀ ਹੈ, ਉਹ ਭਾਰਤੀ ਸੰਵਿਧਾਨ ਦੀ ਧਾਰਾ 20 (3) ਦੇ ਖਿਲਾਫ ਹੋ ਸਕਦੀ ਹੈ। ਡਿੱਪੂ ਸੈਕਟਰੀ ਜਸਵਿੰਦਰ ਸਿੰਘ, ਕੈਸ਼ੀਅਰ ਰਾਜਵੀਰ ਸਿੰਘ ਨੇ ਕਿਹਾ ਕਿ ਕੇਂਦਰ ਵਾਂਗ ਪੰਜਾਬ ਸਰਕਾਰ ਵੀ ਮੁਲਾਜ਼ਮ ਮਾਰੂ ਨੀਤੀਆਂ ਤੇ ਲੱਗੀ ਹੋਈ ਹੈ, ਜਿਸ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਠੇਕੇਦਾਰ ਵਿਚੋਲਿਆਂ ਨੂੰ ਬਾਹਰ ਕੱਢਣਾ, ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਨਾ ਆਦਿ ਪੂਰਾ ਨਹੀਂ ਕੀਤਾ ਜਾ ਰਿਹਾ, ਦੂਸਰੇ ਪਾਸੇ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਵਿੱਚ ਡਿਊਟੀ ਤੋਂ ਫਾਰਗ ਕਰਮਚਾਰੀਆਂ ਨੂੰ ਬਹਾਲ ਕਰਨਾ, ਤਨਖ਼ਾਹ ਵਾਧੇ ਦਾ ਏਰੀਅਲ ਪਾਉਣਾ, ਘੱਟ ਤਨਖਾਹ ਵਾਲੇ ਵਰਕਰਾਂ ਨੂੰ ਤਨਖਾਹ ਵਾਧਾ ਦੇਣਾ, ਕੰਡੀਸ਼ਨਾਂ ਵਿੱਚ ਸੋਧ ਆਦਿ ਸ਼ਾਮਲ ਹੈ, ਨੂੰ ਲਾਗੂ ਕਰਨ ਦੀ ਬਜਾਏ ਜਿਹੜੀਆਂ ਪਨਬੱਸਾਂ ਨੂੰ ਰੋਡਵੇਜ਼ ਵਿੱਚ ਸ਼ਾਮਲ ਕੀਤਾ ਗਿਆ ਹੈ, ਕੰਟਰੈਕਟ ਮੁਲਾਜ਼ਮਾਂ ਨੂੰ ਉਨ੍ਹਾਂ ਬੱਸਾਂ ਨੂੰ ਚਲਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਕੰਟਰੈਕਟ ਮੁਲਾਜ਼ਮਾਂ ਦਾ ਉਵਰਟਾਈਮ ਬੰਦ ਕਰਨ ਦਾ ਪੱਤਰ ਕੱਢਿਆ ਗਿਆ, ਅਜਿਹੀ ਸਥਿਤੀ ਵਿੱਚ ਕਰਮਚਾਰੀਆਂ ਕੋਲ ਸੰਘਰਸ਼ ਤੋਂ ਬਿਨਾਂ ਕੋਈ ਹੋਰ ਹੱਲ ਨਹੀਂ ਹੈ।ਇਸ ਮੌਕੇ ਗਗਨਦੀਪ ਸਿੰਘ, ਪਰਮਜੀਤ ਸਿੰਘ, ਗੋਰਾ ਸਿੰਘ, ਗੁਰਸੇਵਕ, ਜਸਪਾਲ ਸਿੰਘ, ਕੁਲਦੀਪ ਸਿੰਘ ਮੌਜੂਦ ਸਨ।

ਜਬਰੀ ਫਿਰੌਤੀ ਵਸੂਲਣ ਵਾਲਿਆਂ ਨੇ ਦੁਕਾਨਦਾਰ ਨੂੰ ਕੀਤਾ ਜ਼ਖ਼ਮੀ, 2 ਗ੍ਰਿਫ਼ਤਾਰ, 1 ਫ਼ਰਾਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪੁਲਸ ਵੱਲੋਂ ਦੁਕਾਨਦਾਰ ਤੋਂ ਜਬਰੀ ਵਸੂਲੀ ਕਰਨ ਤੇ ਉਸ ਨੂੰ ਦਾਹ ਮਾਰ ਕੇ ਜ਼ਖ਼ਮੀ ਕਰਨ ਦੇ ਕਥਿਤ ਦੋਸ਼ ਹੇਠ 3 ਵਿਅਕਤੀ ਜਿਸ ਵਿੱਚ ਮਨੀਸ਼, ਤਰਨ ਮੱਟੂ ਵਾਸੀ ਮਾਛੀਵਾੜਾ ਤੇ ਜਗਦੀਪ ਵਾਸੀ ਲੁਹਾਰੀਆਂ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਅੰਬੇਦਕਰ ਚੌਕ ਨੇੜੇ ਫਲੈਕਸ ਬੋਰਡ ਦੀ ਦੁਕਾਨ ਕਰਦੇ ਨਵੀ ਨੇ ਪੁਲਸ ਕੋਲ ਬਿਆਨ ਦਰਜ ਕਰਾਏ ਕਿ ਮੇਰੀ ਦੁਕਾਨ 'ਤੇ ਕਦੇ-ਕਦੇ ਮਨੀਸ਼ ਆਉਂਦਾ ਰਹਿੰਦਾ ਸੀ ਅਤੇ ਮੇਰੇ ਤੋਂ ਡਰਾ ਧਮਕਾ ਕੇ ਅਕਸਰ ਪੈਸੇ ਲੈ ਜਾਂਦਾ ਸੀ। ਉਹ ਹੁਣ ਤੱਕ ਮੇਰੇ ਤੋਂ 20 ਤੋਂ 25 ਹਜ਼ਾਰ ਰੁਪਏ ਲੈ ਕੇ ਜਾ ਚੁੱਕਾ ਹੈ। ਸ਼ਰੀਫ਼ ਹੋਣ ਕਾਰਨ ਮੈਂ ਉਸਦੀ ਮਾਰ ਝੱਲਦਾ ਰਿਹਾ ਤੇ ਉਹ ਮੇਰੇ ਸੱਟ ਮਾਰਨ ਦਾ ਡਰ ਦੇ ਕੇ ਜਬਰੀ ਫਿਰੌਤੀ ਲੈਂਦਾ ਆ ਰਿਹਾ ਹੈ। ਲੰਘੀ 28 ਦਸੰਬਰ ਨੂੰ ਵੀ ਮਨੀਸ਼, ਜਗਦੀਪ ਤੇ ਤਰਨ ਮੱਟੂ ਮੋਟਰਸਾਈਕਲ 'ਤੇ ਮੇਰੀ ਦੁਕਾਨ ਉੱਪਰ ਆਏ ਅਤੇ ਪੈਸੇ ਮੰਗਣ ਲੱਗੇ। ਪੈਸੇ ਨਾ ਦੇਣ 'ਤੇ ਉਹ ਮੇਰੇ ਥੱਪੜ ਮਾਰਨ ਲੱਗੇ ਅਤੇ ਗਾਲੀ-ਗਲੋਚ ਕੀਤੀ। ਮਨੀਸ਼ ਨੇ ਦਾਹ ਕੱਢ ਕੇ ਮੇਰੇ ਸੱਜੇ ਮੋਢੇ 'ਤੇ ਮਾਰਿਆ ਅਤੇ ਜ਼ਖ਼ਮੀ ਕਰ ਦਿੱਤਾ। ਕੁੱਝ ਲੋਕਾਂ ਨੇ ਉਸ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ।

ਮਾਛੀਵਾੜਾ ਪੁਲਸ ਵਲੋਂ ਦੁਕਾਨਦਾਰ ਨਵੀ ਦੀ ਸ਼ਿਕਾਇਤ ਦੇ ਅਧਾਰ 'ਤੇ ਜਬਰੀ ਪੈਸੇ ਵਸੂਲਣ ਤੇ ਹਮਲਾ ਕਰਨ ਦੇ ਕਥਿਤ ਦੋਸ਼ ਹੇਠ ਉਕਤ ਤਿੰਨ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ, ਜਿਨ੍ਹਾਂ 'ਚੋਂ ਜਗਦੀਪ ਤੇ ਤਰਨ ਮੱਟੂ ਨੂੰ ਗ੍ਰਿਫ਼ਤਾਰ ਕਰ ਲਿਆ, ਜਦਕਿ ਤੀਜਾ ਮਨੀਸ਼ ਫ਼ਰਾਰ ਹੈ।

'ਪੰਜਾਬੀ ਭਾਸ਼ਾ ਦਾ ਸਿੱਖਿਆ 'ਚ ਮਹੱਤਵ' ਵਿਸ਼ੇ 'ਤੇ ਸੈਮੀਨਾਰ

■ ਵਿਧਾਇਕ ਦੇਵ ਮਾਨ ਨੇ ਸੈਮੀਨਾਰ ਹਾਲ ਦਾ ਕੀਤਾ ਉਦਘਾਟਨ

ਨਾਭਾ (ਵਰਿੰਦਰ ਵਰਮਾ)-ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਨਾਭਾ ਵਿੱਚ 'ਪੰਜਾਬੀ ਭਾਸ਼ਾ ਦਾ ਸਿੱਖਿਆ ਵਿੱਚ ਮਹੱਤਵ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।ਇਸ ਸਮਾਗਮ ਵਿੱਚ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ੍ਰ. ਗੁਰਦੇਵ ਸਿੰਘ ਦੇਵ ਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਪ੍ਰਿੰਸੀਪਲ ਸੰਦੀਪ ਨਾਗਰ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਸੰਸਥਾ ਵਿੱਚ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਮਿਹਨਤ ਹੀ ਸਫਲਤਾ ਦੀ ਕੁੰਜੀ ਹੈ, ਤੁਸੀਂ ਆਪਣੇ ਮਿੱਥੇ ਨਿਸ਼ਾਨੇ ਨੂੰ ਕਿੰਨੀ ਲਗਨ ਤੇ ਇਮਾਨਦਾਰੀ ਨਾਲ ਪ੍ਰਾਪਤ ਕਰਨਾ ਚਾਹੁੰਦੇ ਹੋ।ਇਹ ਤੁਹਾਡੀ ਸਫਲਤਾ ਨਿਰਧਾਰਤ ਕਰਦਾ ਹੈ।ਉਨ੍ਹਾ ਆਪਣੇ ਨਿੱਜੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦਿਆਂ ਆਪਣੇ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ।ਇਸ ਮੌਕੇ ਮੁੱਖ ਵਕਤਾ ਮੰਡਲ ਸਿੱਖਿਆ ਅਫਸਰ ਨਾਭਾ ਮਨਜੀਤ ਸਿੰਘ ਚਹਿਲ ਨੇ ਮਾਤ ਭਾਸ਼ਾ ਦੇ ਮਹੱਤਵ ਦੀ ਗੱਲ ਕਰਦਿਆਂ ਵੈਦਿਕ ਕਾਲ ਤੋਂ ਹੁਣ ਤੱਕ ਦੀਆਂ ਭਾਸ਼ਾਵਾਂ ਬਾਰੇ ਚਰਚਾ ਕੀਤੀ।ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਪ੍ਰਾਚੀਨ ਗ੍ਰੰਥਾਂ ਦੀ ਰਚਨਾ ਪੰਜਾਬ ਦੀ ਧਰਤੀ 'ਤੇ ਹੀ ਹੋਈ ਹੈ।ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਸਾਹਿਤ ਦੇ ਹਵਾਲੇ ਨਾਲ ਸਿੱਖਿਆ ਵਿੱਚ ਭਾਸ਼ਾ ਦੇ ਮਹੱਤਵ ਦੇ ਗੱਲ ਕੀਤੀ।ਉਨ੍ਹਾਂ ਨੇ ਚਾਣਕਿਆ ਦੇ ਨੀਤੀ ਸ਼ਾਸਤਰ ਦੇ ਹਵਾਲੇ ਦੇ ਕੇ ਭਾਸ਼ਾ ਤੇ ਸਿੱਖਿਆ ਦੇ ਸੰਬੰਧਾਂ ਬਾਰੇ ਵਿਚਾਰ ਪ੍ਰਗਟ ਕੀਤੇ।ਇਸ ਤੋਂ ਪਹਿਲਾਂ ਸੰਸਥਾ ਦੇ ਨਵੀਨੀਕਰਨ ਕੀਤੇ ਗਏ ਸੈਮੀਨਾਰ ਹਾਲ ਦਾ ਉਦਘਾਟਨ ਹਲਕਾ ਵਿਧਾਇਕ ਸ੍ਰ. ਗੁਰਦੇਵ ਸਿੰਘ ਦੇਵ ਮਾਨ ਵੱਲੋਂ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਜਸਪਾਲ ਸਿੰਘ, ਪ੍ਰਿੰਸੀਪਲ ਗਣੇਸ਼ ਗੁਪਤਾ, ਪ੍ਰਿੰਸੀਪਲ ਰਵਿੰਦਰ ਕੁਮਾਰ, ਡੀ ਸੀ ਮੁਖੀਜਾ ਚੇਅਰਮੈਨ ਮਾਲਵਾ ਐਜੂਕੇਸ਼ਨ ਸੁਸਾਇਟੀ, ਦਵਿੰਦਰ ਖੇਤਰਪਾਲ, ਲੈਕਚਰਾਰ ਅਰਵਿੰਦਰ ਢਿੱਲੋਂ, ਯਾਦਵਿੰਦਰ ਕੁਮਾਰ, ਰਵਿੰਦਰ ਸ਼ਰਮਾ, ਅਮਿਤ ਕੁਮਾਰ, ਵਿਨੋਦ ਕੁਮਾਰ, ਸਤੀਸ਼ ਕੁਮਾਰ, ਮੈਡਮ ਸ਼ੀਤੂ ਤੇ ਇਲਾਕੇ ਦੀਆਂ ਹੋਰ ਮਾਣਯੋਗ ਸ਼ਖਸੀਅਤਾਂ ਹਾਜ਼ਰ ਸਨ।

ਕਾਤਰਾਂ

ਚਾਈਨਾ ਡੋਰ ਵੇਚਣ 'ਤੇ ਹੋਵੇਗੀ ਸਖ਼ਤ ਕਾਰਵਾਈ : ਥਾਣਾ ਮੁਖੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਐੱਸ ਐੱਸ ਪੀ ਅਵਨੀਤ ਕੌਂਡਲ ਅਤੇ ਪ੍ਰਸ਼ਾਸਨ ਦੇ ਸਖ਼ਤ ਨਿਰਦੇਸ਼ ਹਨ ਕਿ ਜੇਕਰ ਕੋਈ ਵੀ ਦੁਕਾਨਦਾਰ ਚਾਈਨਾ ਡੋਰ ਵੇਚਦਾ ਜਾਂ ਇਸ ਨਾਲ ਪਤੰਗ ਚੜ੍ਹਾਉਂਦਾ ਹੈ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਕੀਤਾ। ਥਾਣਾ ਮੁਖੀ ਨੇ ਕਿਹਾ ਕਿ ਪੁਲਸ ਵੱਲੋਂ ਇਸ ਸਬੰਧੀ ਦੁਕਾਨਾਂ ਦੀ ਚੈਕਿੰਗ ਸ਼ੁਰੂ ਕਰ ਦਿੱਤੀ ਹੈ ਤੇ ਜੇਕਰ ਉਨ੍ਹਾਂ ਨੂੰ ਕੋਈ ਸੂਚਨਾ ਮਿਲੀ ਕਿ ਕੋਈ ਵੀ ਦੁਕਾਨਦਾਰ ਘਾਤਕ ਡੋਰ ਵੇਚਦਾ ਪਾਇਆ ਗਿਆ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਮਨੁੱਖੀ ਜੀਵਨ ਤੇ ਪਸ਼ੂ, ਪੰਛੀਆਂ ਲਈ ਘਾਤਕ ਹੈ, ਜਿਸ ਨਾਲ ਕਈ ਹਾਦਸੇ ਵਾਪਰ ਚੁੱਕੇ ਹਨ। ਇਸ ਲਈ ਮਾਪੇ ਆਪਣੇ ਬੱਚਿਆਂ ਨੂੰ ਚਾਈਨਾ ਡੋਰ ਬਿਲਕੁਲ ਵੀ ਨਾ ਲੈ ਕੇ ਦੇਣ। ਥਾਣਾ ਮੁਖੀ ਨੇ ਕਿਹਾ ਕਿ ਦੁਕਾਨਦਾਰ ਤੋਂ ਇਲਾਵਾ ਜੇਕਰ ਕੋਈ ਵੀ ਵਿਅਕਤੀ ਚਾਈਨਾ ਡੋਰ ਨਾਲ ਪਤੰਗਬਾਜ਼ੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ਼ ਵੀ ਸਖ਼ਤ ਕਾਰਵਾਈ ਹੋਵੇਗੀ ਤੇ ਪੁਲਸ ਵੱਲੋਂ ਪਤੰਗਬਾਜ਼ੀ ਕਰਦੇ ਬੱਚਿਆਂ ਤੇ ਨੌਜਵਾਨਾਂ ਦੀ ਵੀ ਜਾਂਚ ਕੀਤੀ ਜਾਵੇਗੀ।

ਪੈਸਿਆਂ ਦੀ ਰਿਕਵਰੀ ਕੇਸ 'ਚ ਮਿਡੀਏਸ਼ਨ ਸੈਂਟਰ ਰਾਹੀਂ ਆਪਸੀ ਸਹਿਮਤੀ ਨਾਲ ਕੇਸ ਦਾ ਨਿਪਟਾਰਾ ਕਰਾਇਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਮਿਸ ਏਕਤਾ ਉੱਪਲ, ਮਾਨਯੋਗ ਚੀਫ਼ ਜੁਡੀਸ਼ੀਅਲ ਮੈਜੀਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੈਸਿਆਂ ਦੀ ਰਿਕਵਰੀ ਕੇਸ ਦੇ ਕੇਸ ਵਿੱਚ ਮਿਡੀਏਸ਼ਨ ਸੈਂਟਰ ਰਾਹੀ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੇਸ ਦਾ ਨਿਪਟਾਰਾ ਕਰਾਇਆ ਗਿਆ।ਉਕਤ ਕੇਸ ਮਿਸ ਅਵਨੀਤ ਕੌਰ, ਸਿਵਲ ਜੱਜ ਜੂਨੀਅਰ ਡਵੀਜ਼ਨ, ਫ਼ਿਰੋਜ਼ਪੁਰ ਦੀ ਅਦਾਲਤ ਵਿੱਚ ਲੰਬਿਤ ਸੀ ਅਤੇ ਉਨ੍ਹਾਂ ਵੱਲੋਂ ਉਕਤ ਕੇਸ ਮਿਡੀਏਸ਼ਨ ਸੈਂਟਰ ਫ਼ਿਰੋਜ਼ਪੁਰ ਵਿਖੇ ਭੇਜਿਆ ਗਿਆ ਤੇ ਮਿਸ ਏਕਤਾ ਉੱਪਲ, ਮਾਨਯੋਗ ਚੀਫ਼ ਜੁਡੀਸ਼ੀਅਲ ਮੈਜੀਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਬਤੌਰ ਮਿਡਿਏਟਰ ਉਕਤ ਕੇਸ ਦੀ ਸੁਣਵਾਈ ਕੀਤੀ।ਉਕਤ ਕੇਸ ਬੈਂਕ ਵੱਲੋਂ ਕੀਤਾ ਗਿਆ ਸੀ, ਜਿਸ ਵਿੱਚ ਬੈਂਕ ਨੇ ਉਤਰਾਵਾਦੀ ਤੋਂ 2,50,000 ਰੁਪਏ ਦੀ ਰਿਕਵਰੀ ਕਰਨੀ ਸੀ।ਉਕਤ ਕੇਸ ਵਿੱਚ ਜੱਜ ਵੱਲੋਂ ਦੋਵਾਂ ਧਿਰਾਂ ਦਾ ਰਾਜ਼ੀਨਾਮਾ ਕਰਾ ਦਿੱਤਾ।ਰਾਜ਼ੀਨਾਮਾ ਮੁਤਾਬਕ ਉਤਰਾਵਦੀ ਨੇ ਬੈਂਕ ਵਿੱਚ ਰਕਮ ਜਮ੍ਹਾ ਕਰਾ ਦਿੱਤੀ।ਏਕਤਾ ਉੱਪਲ ਵੱਲੋਂ ਦੱਸਿਆ ਗਿਆ ਕਿ ਮਿਡੀਏਸ਼ਨ ਸੈਂਟਰ ਪਰਵਾਰਕ ਝਗੜਿਆਂ ਦਾ ਨਿਪਟਾਰਾ ਕਰਨ ਲਈ ਬਹੁਤ ਫਾਇਦੇਮੰਦ ਹੈ ਅਤੇ ਉਹ ਲੋਕ ਜਿਨ੍ਹਾਂ ਦੇ ਪਰਵਾਰਕ ਝਗੜੇ ਅਦਾਲਤਾਂ ਵਿੱਚ ਚੱਲ ਰਹੇ ਹਨ, ਉਹ ਆਪਣੇ ਕੇਸਾਂ ਦਾ ਹੱਲ ਮਿਡੀਏਸ਼ਨ ਸੈਂਟਰ ਰਾਹੀ ਕਰਵਾ ਸਕਦੇ ਹਨ ਅਤੇ ਉਹ ਲੋਕ ਜਿਨ੍ਹਾਂ ਦੇ ਪਰਵਾਰਕ ਝਗੜੇ ਅਜੇ ਅਦਾਲਤ ਤੱਕ ਨਹੀਂ ਪਹੁੰਚੇ ਉਹ ਹੀ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪਰ ਵਿੱਚ ਦਰਖਾਸਤ ਦੇ ਕੇ ਆਪਣੇ ਝਗੜੇ ਦਾ ਨਿਪਟਾਰਾ ਮਿਡੀਏਸ਼ਨ ਸੈਂਟਰ ਰਾਹੀਂ ਕਰਾ ਸਕਦੇ ਹਨ।

ਆਊਟਸੋਰਸ ਮੁਲਾਜ਼ਮਾਂ ਦੀਆਂ ਰੁਕੀਆਂ ਤਨਖਾਹਾਂ ਤੇ ਬਕਾਏ ਤੁਰੰਤ ਦਿੱਤੇ ਜਾਣ : ਰਾਣਵਾਂ, ਪੁਆਰੀ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਤੇ ਪੰਜਾਬ ਸਰਕਾਰ ਦੇ ਕਈ ਹੋਰ ਅਦਾਰਿਆਂ ਨੂੰ ਆਊਟ ਸੋਰਸ ਰਾਹੀਂ ਮੁਲਾਜ਼ਮ ਮੁਹੱਈਆ ਕਰਾ ਰਹੀ ਪੈਸਕੋ ਕੰਪਨੀ ਆਪਣੇ ਅਧੀਨ ਪਾਵਰਕਾਮ, ਟਰਾਂਸਕੋ ਤੇ ਹੋਰ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪਿਛਲੇ ਦੋ ਮਹੀਨਿਆਂ ਤੋਂ ਤਨਖਾਹਾਂ ਨਹੀਂ ਦੇ ਰਹੀ ਤੇ ਨਾ ਹੀ ਕਿਰਤ ਕਮਿਸ਼ਨਰ ਪੰਜਾਬ ਵੱਲੋਂ ਮਾਰਚ 2023 ਤੋਂ ਅਗਸਤ 2023 ਤੱਕ ਵੱਖ-ਵੱਖ ਵਰਗਾਂ ਦੀਆਂ ਵਧਾਈਆਂ ਗਈਆਂ ਉਜਰਤਾਂ ਦੇ ਬਕਾਏ ਦੇ ਰਹੀ ਹੈ।ਇਸ ਕਾਰਨ ਪੈਸਕੋ ਕੰਪਨੀ ਅਧੀਨ ਕੰਮ ਕਰਦੇ ਪੰਜਾਬ ਭਰ ਦੇ ਸੈਂਕੜੇ ਮੁਲਾਜ਼ਮ ਮਹਿੰਗਾਈ ਦੇ ਇਸ ਦੌਰ ਵਿੱਚ ਆਰਥਿਕ ਪਰੇਸ਼ਾਨੀ ਵਿੱਚੋਂ ਦੀ ਗੁਜ਼ਰ ਰਹੇ ਹਨ।ਇਸ ਸਬੰਧ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਪਾਵਰਕਾਮ ਤੇ ਟਰਾਂਸਕੋ ਆਊਟਸੋਰਸ ਵਰਕਰਜ਼ ਯੂਨੀਅਨ ਸੰਬੰਧਤ ਏਟਕ ਦੇ ਸੂਬਾ ਪ੍ਰਧਾਨ ਹਰਵਿੰਦਰ ਸ਼ਰਮਾ ਤੇ ਜਨਰਲ ਸਕੱਤਰ ਸੰਦੀਪ ਖੱਤਰੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨਤੋਂ ਮੰਗ ਕੀਤੀ ਹੈ ਕਿ ਤੁਰੰਤ ਨਿੱਜੀ ਦਖ਼ਲਅੰਦਾਜ਼ੀ ਕਰਕੇ ਇਨ੍ਹਾਂ ਆਊਟ ਸੋਰਸ ਮੁਲਾਜ਼ਮਾਂ ਦੀਆਂ ਰੁਕੀਆਂ ਤਨਖਾਹਾਂ ਦਿਵਾਈਆਂ ਜਾਣ।ਆਗੂਆਂ ਨੇ ਇਹ ਮੰਗ ਵੀ ਕੀਤੀ ਕਿ ਇਸ ਕੰਪਨੀ ਨੂੰ ਬਾਹਰ ਦਾ ਰਸਤਾ ਦਿਖਾ ਕੇ ਸਬੰਧਤ ਮੁਲਾਜ਼ਮਾਂ ਦੀ ਭਰਤੀ ਸਾਰੇ ਵਿਭਾਗਾਂ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇ ।

5-Jan-PAGE-11-Majha-24-Finak.qxd 1/4/2024 10:56 PM Page 1

ਗਣਤੰਤਰ ਦਿਵਸ ਮਨਾਉਣ ਸੰਬੰਧੀ ਐੱਸ ਡੀ ਐੱਮ ਨੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਸਬ ਡਵੀਜ਼ਨ ਪੱਧਰ 'ਤੇ 75ਵੇਂ ਗਣਤੰਤਰ ਦਿਵਸ ਮਨਾਉਣ ਨੂੰ ਲੈ ਕੇ ਅੱਜ ਅਸ਼ਵਨੀ ਅਰੋੜਾ ਐਸ.ਡੀ.ਐਮ ਡੇਰਾ ਬਾਬਾ ਨਾਨਕ ਵੱਲੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ । ਇਸ ਮੌਕੇ ਐਸ ਡੀ ਐਮ ਅਸ਼ਵਨੀ ਅਰੋੜਾ ਵੱਲੋਂ ਗਣਤੰਤਰ ਦਿਵਸ ਨੂੰ ਚੰਗੇ ਢੰਗ ਨਾਲ ਮਨਾਉਣ ਸਬੰਧੀ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ।ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਸ ਡੀ ਐਮ ਅਸ਼ਵਨੀ ਅਰੋੜਾ ਨੇ ਦੱਸਿਆ ਕਿ ਇਸ ਵਾਰ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਵਿਖੇ 75ਵਾਂ ਗਣਤੰਤਰ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਨੂੰ ਮਨਾਉਣ ਸਬੰਧੀ ਸੱਭਿਆਚਾਰਕ ਸਮਾਗਮ ਦੌਰਾਨ ਸਕੂਲੀ ਬੱਚਿਆਂ ਵੱਲੋਂ ਵੱਖ ਵੱਖ ਆਇਟਮਾਂ ਪੇਸ਼ ਕੀਤੀਆਂ ਜਾਣਗੀਆਂ, ਉਸ ਤੋਂ ਇਲਾਵਾ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਪਰੇਡ ਕਰਨ ਉਪਰੰਤ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਜਾਵੇਗੀ । ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਹਿੱਸਾ ਲੈਣ ਵਾਲੇ ਸਕੂਲੀ ਬੱਚਿਆਂ ਸਮੇਤ ਸੁਤੰਤਰਤਾ ਸੈਨਾਨੀਆਂ ਦੇ ਪਰਵਾਰਕ ਮੈਂਬਰਾਂ ਅਤੇ ਵੱਖ ਵੱਖ ਮਹਿਕਮਿਆਂ ਵਿੱਚ ਤਨਦੇਹੀ ਨਾਲ ਡਿਊਟੀ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਤ ਵੀ ਕੀਤਾ ਜਾਵੇਗਾ। ਇਸ ਮੌਕੇ ਨਾਇਬ ਤਹਿਸੀਲਦਾਰ ਅਵਤਾਰ ਸਿੰਘ, ਐਸ.ਐਮ.ਓ ਡਾ. ਹਰਪਾਲ ਸਿੰਘ, ਪ੍ਰਿੰਸੀਪਲ ਰੁਪਿੰਦਰਜੀਤ ਧਾਲੀਵਾਲ, ਸੀ ਡੀ ਪੀ ਓ ਕੁਸਮ ਸ਼ਰਮਾ, ਸੰਜੀਵ ਕੁਮਾਰ ਰੀਡਰ ਐਸ ਡੀ ਐਮ, ਸਰਬਜੀਤ ਸਿੰਘ ਸਟੈਨੋ ਐਸ ਡੀ ਐਮ, ਜਸਵਿੰਦਰ ਸਿੰਘ ਮੋਟਰ ਵਹੀਕਲ ਕਲਰਕ, ਸਿਕੰਦਰ ਸਿੰਘ, ਬੀ.ਪੀ.ਈ.ਓ ਦਫਤਰ ਕਲਰਕ ਰਘਬੀਰ ਸਿੰਘ, ਜੇ ਈ ਕ੍ਰਿਪਾ ਸਿੰਘ, ਮਾਰਕਿਟ ਕਮੇਟੀ ਦਿਲਬਾਗ ਸਿੰਘ, ਕਲਰਕ ਰਣਜੀਤ ਸਿੰਘ, ਕਲਰਕ ਟਹਿਲ ਸਿੰਘ, ਸੁਪਰਡੈਂਟ ਰਛਪਾਲ ਸਿੰਘ, ਲੈਕਚਰਾਰ ਰਵਿੰਦਰ ਕੁਮਾਰ, ਮੈਡਮ ਸੁਪਰਡੈਂਟ ਸੁਖਵਿੰਦਰ ਕੌਰ, ਮਾਸਟਰ ਸੁਖਦੇਵ ਸਿੰਘ , ਮਾਸਟਰ, ਡੀ ਪੀ ਰਾਮ ਸਰੂਪ, ਡੀ ਪੀ ਅਨਿਲ ਕੁਮਾਰ ,ਆਦਿ ਹਾਜ਼ਰ ਸਨ।

ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਹਾੜੇ ਮੌਕੇ ਝਬਾਲ ਤੋਂ ਕਾਮਰੇਡ ਸੋਹਲ ਦੀ ਅਗਵਾਈ ਹੇਠ ਕਾਫਲਾ ਰਵਾਨਾ

ਝਬਾਲ (ਕਿਰਪਾਲ ਸਿੰਘ ਸੋਹਲ)-ਉੱਘੇ ਦੇਸ਼ ਭਗਤ ਅਤੇ ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਹਾੜੇ 4 ਜਨਵਰੀ ਨੂੰ ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿਚੋਂ ਪਿੰਡ ਭਕਨਾ ਕਲਾਂ ਵਿਖੇ ਉਨ੍ਹਾ ਦੀ ਯਾਦ ਵਿੱਚ ਬਣੇ ਸਰਕਾਰੀ ਹਾਈ ਸਕੂਲ ਭਕਨਾ ਦੀ ਗਰਾਊਂਡ ਵਿਖੇ ਕੀਤੀ ਜਾ ਰਾਜਸੀ ਕਾਨਫਰੰਸ ਵਿਖੇ ਝਬਾਲ ਤੋਂ ਸੀ ਪੀ ਆਈ ਵਰਕਰ ਮੋਟਰਸਾਈਕਲਾਂ 'ਤੇ ਸਵਾਰ ਹੋ ਭਕਨੇ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਰਵਾਨਾ ਹੋਏ ।

ਇਸ ਮੌਕੇ ਕਾਮਰੇਡ ਜਗਤਾਰ ਸਿੰਘ, ਟੀ ਵੀ ਆਰਟਿਸਟ ਕੰਵਲਜੀਤ ਸਿੰਘ ਕੰਵਲ ਢਿੱਲੋਂ, ਸੁਰਿੰਦਰ ਸਿੰਘ ਬਿੱਲਾ ਖੂਹ ਵਾਲਾ, ਗੁਰਚਰਨ ਸਿੰਘ ਫੌਜੀ ਸਵਰਾਗਾਪੁਰੀ, ਗੁਰਬਿੰਦਰ ਸਿੰਘ ਸੋਹਲ , ਅਰਵਿੰਦ ਗੁਪਤਾ ਆਦਿ ਹਾਜ਼ਰ ਸਨ।

ਅਣਪਛਾਤਿਆਂ ਵੱਲੋਂ ਕੰਧ ਪਾੜ ਕੇ ਬੈਂਕ ਲਾਕਰ ਨੂੰ ਤੋੜਨ ਦੀ ਅਸਫਲ ਕੋਸ਼ਿਸ਼

ਮਜੀਠਾ (ਸੋਇਮ ਆਨੰਦ)- ਪੁਲਸ ਥਾਣਾ ਮਜੀਠਾ ਦੇ ਪਿੰਡ ਸੋਹੀਆਂ ਕਲਾਂ ਵਿਖੇ ਕੇਦਰੀ ਸਹਿਕਾਰੀ ਬੈਂਕ ਦੀ ਸ਼ਾਖਾ ਵਿਚ ਬੀਤੀ ਰਾਤ ਅਣਪਛਾਤੇ ਵਿਅਕਤੀਆਂ ਵਲੋ ਬੈਂਕ ਦੀ ਦੀਵਾਰ ਤੋੜ ਕੇ ਬੈਂਕ ਲਾਕਰ ਤੋੜਨ ਦੀ ਅਸਫਲ ਕੋਸਿਸ਼ ਕਰ ਕੇ ਚੋਰੀ ਕਰਨ ਦਾ ਸਮਾਚਾਰ ਹੈ। ਜਿਸ ਸਬੰਧੀ ਬੈਂਕ ਮੈਨੇਜ਼ਰ ਭੁਪਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਅਸੀ ਰੋਜਾਨਾ ਦੀ ਤਰ੍ਹਾਂ ਅੱਜ ਸਵੇਰੇ ਜਦ ਆ ਕੇ ਬੈਂਕ ਬਰਾਂਚ ਖੋਲੀ ਤਾਂ ਦੇਖਿਆ ਕਿ ਬੈਂਕ ਦੀ ਦੀਵਾਰ ਵਿਚ ਪਾੜ ਪਿਆ ਸੀ। ਬੈਂਕ ਦੇ ਅੰਦਰ ਜਾ ਕੇ ਦੇਖਿਆ ਤਾਂ ਬੈਂਕ ਅੰਦਰ ਫਾਈਲਾਂ ਅਤੇ ਕਾਗਜ਼ਾਂ ਦਾ ਖਿਲਾਰਾ ਪਿਆ ਸੀ। ਬੈਂਕ ਦੀ ਸੇਫ ਅਲਮਾਰੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਅਸਫਲ ਰਹੇ। ਪਰ ਬੈਂਕ ਵਿਚ ਪਿਆ ਇੱਕ ਲੈਪਟਾਪ, ਇਨਵਰਟਰ ਅਤੇ ਇੱਕ ਬੈਟਰਾ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕਰ ਲਿਆ ਗਿਆ।

ਇਸ ਦੀ ਇਤਲਾਹ ਪੁਲਸ ਥਾਣਾ ਮਜੀਠਾ ਵਿਖੇ ਕੀਤੀ ਗਈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਬੈਂਕ ਬਰਾਂਚ ਦੀ ਇਮਾਰਤ ਪਿੰਡ ਦੇ ਫੋਕਲ ਪੁਆਇੰਟ 'ਚ ਬਣੀ ਹੋਈ ਹੈ ਅਤੇ ਆਸੇ ਪਾਸ ਕੋਈ ਰਿਹਾਇਸ਼ੀ ਏਰੀਆ ਨਹੀਂ ਹੈ । ਇਸ ਦੀਵਾਰ ਨੇੜਿਓਂ ਨਸ਼ੇੜੀਆਂ ਵੱਲੋਂ ਨਸ਼ਾ ਕਰਨ ਲਈ ਵਰਤੀਆਂ ਗਈਆਂ ਸਰਿੰਜਾਂ, ਪੰਨੀਆਂ ਅਤੇ ਹੋਰ ਸਮਾਨ ਪਾਇਆ ਗਿਆ ਜਿਸ ਤੋਂ ਜਾਪਦਾ ਹੈ ਕਿ ਨਸ਼ੇੜੀ ਅਕਸਰ ਹੀ ਇਸ ਦੀਵਾਰ ਦਾ ਆਸਰਾ ਲੈ ਕੇ ਨਸ਼ੇ ਕਰਦੇ ਹਨ। ਇਹ ਵੀ ਵੇਖਣ ਵਿਚ ਆਇਆ ਕਿ ਬੈਂਕ ਵਿਚ ਕੋਈ ਸੀ.ਸੀ.ਟੀ.ਵੀ ਕੈਮਰੇ ਨਹੀਂ ਸੀ। ਇਸ ਸਬੰਧੀ ਬੈਂਕ ਮੈਨੇਜਰ ਨੇ ਕਿਹਾ ਕਿ ਅਨੇਕਾਂ ਵਾਰ ਬੈਂਕ ਦੇ ਉਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਹੈ ਪਰ ਹਾਲੇ ਤੱਕ ਕੈਮਰੇ ਨਹੀਂ ਲਗਵਾਏ ਗਏ। ਇਸ ਮੌਕੇ ਮੈਨਜਰ ਨੇ ਦੱਸਿਆ ਕਿ ਬੈਂਕ ਵਿਚੋਂ ਅਲਮਾਰੀ ਨਾ ਟੁੱਟਣ ਕਰਕੇ ਨਕਦੀ ਬਚ ਗਈ ਹੈ। ਪੁਲਸ ਮਾਮਲੇ ਦੀ ਤਫਤੀਸ਼ ਕਰ ਰਹੀ ਹੈ।

ਟਰੱਸਟ ਵੱਲੋਂ ਲਗਾਤਾਰ ਫੜੀ ਜਾ ਰਹੀ ਲੋੜਵੰਦ ਪਰਵਾਰਾਂ ਦੀ ਬਾਂਹ

ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਮਨੁੱਖਤਾ ਦੀ ਸੇਵਾ ਨੂੰ ਸਮਰਪਤ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਪਿਛਲੇ ਉਨੀ ਸਾਲਾਂ ਤੋਂ ਲਗਾਤਾਰ ਰੋਗਗ੍ਰਸਤ ਰੋਗੀਆਂ ਦੇ ਇਲਾਜ ਦੀ ਸੇਵਾ, ਲੋੜਵੰਦ ਬੱਚਿਆਂ ਦੀ ਪੜ੍ਹਾਈ ਵਿਚ ਮਦਦ, ਲੋੜਵੰਦ ਪਰਵਾਰਾਂ ਦੇ ਮਕਾਨ ਬਣਾਉਣ ਵਿਚ ਯੋਗ ਮਦਦ ਅਤੇ ਲੋੜਵੰਦ ਧੀਆਂ ਦੇ ਵਿਆਹ ਕਾਰਜ ਦੀਆਂ ਸਮਰੱਥਾ ਅਨੁਸਾਰ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਇਸ ਮੌਕੇ ਟਰੱਸਟ ਦੇ ਮੁੱਖ ਸੇਵਾਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਪੱਟੀ ਸ਼ਹਿਰ ਅਤੇ ਨੇੜਲੇ ਪਿੰਡਾਂ ਵਿਚ ਪੱਟੀ ਨਿਵਾਸੀ ਸੰਗਤਾਂ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਇਹ ਸੇਵਾਵਾਂ ਨਿਰੰਤਰ ਜਾਰੀ ਹਨ। ਗੁਰਮੀਤ ਸਿੰਘ ਨੇ ਦਸੰਬਰ ਮਹੀਨੇ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਗੋਰਾ ਸਿੰਘ ਵਾਸੀ ਪੱਟੀ ਜੋ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ ਅਤੇ ਚਮੜੀ ਰੋਗ ਤੋਂ ਪੀੜਤ ਹੈ, ਨੂੰ 10 ਹਜ਼ਾਰ ਰੁਪਏ ਦੀ ਮਦਦ, ਗੋਪੀ ਸਿੰਘ ਵਾਸੀ ਚੂਸਲੇਵੜ ਨੂੰ ਕੈਂਸਰ ਦੇ ਇਲਾਜ ਲਈ 10 ਹਜ਼ਾਰ ਦੀ ਮਦਦ, ਰਣਜੀਤ ਕੌਰ ਪਿੰਡ ਡੱਲ ਤੋਂ ਬੱਚੇਦਾਨੀ ਦਾ ਆਪਰੇਸ਼ਨ ਕਰਵਾਉਣ ਲਈ 15 ਹਜਾਰ ਦੀ ਮਦਦ, ਮਨਜੀਤ ਕੌਰ ਵਾਸੀ ਪਿੰਡ ਅਮੀ ਸ਼ਾਹ ਜਿਸਦੇ ਦੇ ਲੱਕ 'ਤੇ ਵੱਡਾ ਜ਼ਖਮ ਅਤੇ ਪੱਥਰੀਆਂ ਹਨ ਉਸ ਨੂੰ ਇਲਾਜ ਲਈ 10 ਹਜ਼ਾਰ ਦੀ ਮਦਦ, ਕਸ਼ਮੀਰ ਕੌਰ ਪਿੰਡ ਰੱਤਾ ਗੁੱਦਾ ਗੋਡੇ 'ਤੇ ਲੱਗੀ ਸੱਟ ਦੇ ਇਲਾਜ ਲਈ 15 ਹਜ਼ਾਰ ਦੀ ਮਦਦ, ਗੁਰਪ੍ਰੀਤ ਕੌਰ ਪਿੰਡ ਡੁਮਣੀ ਵਾਲਾ ਨੂੰ ਵਿਆਹ ਕਾਰਜ ਲਈ 79 ਹਜ਼ਾਰ ਦੀ ਮਦਦ, ਬੱਚਾ ਉਦੈ ਸਿੰਘ ਚੋਹਲਾ ਸਾਹਿਬ ਤੋਂ ਉਮਰ 1 ਮਹੀਨਾ ਹੈ ਇਨਫੈਕਸਨ, ਨਮੂਨੀਆ ਤੇ ਦੌਰੇ ਪੈਂਦੇ ਸਨ ਦੇ ਇਲਾਜ ਲਈ 5 ਹਜ਼ਾਰ ਦੀ ਮਦਦ, ਅਮਰਜੀਤ ਕੌਰ ਵਾਸੀ ਪੱਟੀ ਜੋ ਫੇਫੜਿਆਂ ਦੀ ਬਿਮਾਰੀ ਤੋਂ ਪੀੜਤ ਹੋਣ ਕਾਰਨ 15 ਹਜਜ਼ਾਰ ਦੀ ਮਦਦ, ਰਾਜਬੀਰ ਕੌਰ ਪਿੰਡ ਦੁਬਲੀ ਦੀ ਐਕਸੀਡੈਂਟ ਦੌਰਾਨ ਸੱਜੀ ਲੱਤ ਤਿੰਨ ਥਾਵਾਂ ਤੋਂ ਟੁੱਟ ਗਈ, ਨੂੰ ਇਲਾਜ ਲਈ 35 ਹਜ਼ਾਰ ਦੀ ਮਦਦ, ਬੱਚਾ ਫਤਿਹਵੀਰ ਸਿੰਘ ਵਾਸੀ ਮਰਗਿੰਦਪੁਰਾ ਜਿਸ ਦੀ ਉਮਰ ਸਿਰਫ 5 ਦਿਨ ਹੈ ਅਤੇ ਸਮੇਂ ਤੋਂ ਪਹਿਲਾਂ ਜਨਮ ਹੋਣ ਕਾਰਨ ਪੱਟੀ ਸ਼ਹਿਰ ਦੇ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਹੈ, ਨੂੰ 10 ਹਜ਼ਾਰ ਦੀ ਮਦਦ, ਗੁਰਪ੍ਰੀਤ ਸਿੰਘ ਵਾਸੀ ਸਭਰਾ ਜੋ ਲੀਵਰ ਦੀ ਪ੍ਰੋਬਲਮ ਹੋਣ ਕਾਰਨ ਭਿੱਖੀਵਿੰਡ ਹਸਪਤਾਲ 'ਚ ਚਲਦੇ ਇਲਾਜ ਦੌਰਾਨ 15 ਹਜ਼ਾਰ ਦੀ ਮਦਦ, ਪੂਜਾ ਕੌਰ ਵਾਸੀ ਚੂਸਲੇਵੜ ਨੂੰ ਵਿਆਹ ਕਾਰਜ ਲਈ 37 ਹਜਾਰ ਪੰਜ ਸੌ ਰੁਪਏ ਦੀ ਮਦਦ, ਸਿਮਰਨਜੀਤ ਕੌਰ ਵਾਸੀ ਪੱਟੀ ਨੂੰ ਟੀਬੀ ਦੀ ਨਾ-ਮੁਰਾਦ ਬਿਮਾਰੀ ਨੇ ਘੇਰ ਲਿਆ ਹੈ, ਇਲਾਜ ਲਈ 5 ਹਜ਼ਾਰ ਦੀ ਮਦਦ, ਮੌਸਮ ਸਿੰਘ ਵਾਸੀ ਪ੍ਰਿੰਗੜੀ ਦਾ ਹੱਥ ਬਹੁਤ ਜ਼ਿਆਦਾ ਖਰਾਬ ਹੋਣ ਕਰਕੇ ਡਾਕਟਰਾਂ ਕਟਵਾਉਣ ਲਈ ਕਿਹਾ ਟਰੱਸਟ ਵੱਲੋਂ 5 ਹਜ਼ਾਰ ਰੁਪਏ ਦੀ ਮਦਦ ਦਿੱਤੀ ਗਈ। ਇਹ ਦਸੰਬਰ ਮਹੀਨੇ ਦੀਆਂ ਸਾਰੀਆਂ ਸੇਵਾਵਾਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ, ਸਤਿਕਾਰਯੋਗ ਮਾਤਾ ਗੁਜਰੀ ਜੀ ਅਤੇ ਪੋਹ ਮਹੀਨੇ ਦੇ ਸਮੂਹ ਸ਼ਹੀਦ ਸਿੰਘ ਸਿੰਘਣੀਆਂ ਦੀ ਯਾਦ ਨੂੰ ਸਮਰਪਤ ਕੀਤੀਆਂ ਗਈਆਂ। ਟਰੱਸਟ ਦੇ ਸਰਪ੍ਰਸਤ ਡਾ. ਰਜਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਕਾਰਜਾਂ ਤੋਂ ਇਲਾਵਾ ਟਰੱਸਟ ਵੱਲੋਂ ਮਾਨਵਤਾ ਦੀ ਸੇਵਾ ਨੂੰ ਸਮਰਪਤ ਕਿਡਨੀਆਂ ਦੇ ਮਰੀਜ਼ਾਂ ਲਈ ਰਾਣਾ ਹਸਪਤਾਲ ਪਿੰਡ ਖਾਲੜਾ ਵਿਖੇ ਡਾਇਲਸਿਸ ਯੂਨਿਟ ਵੀ ਲਗਾਇਆ ਗਿਆ ਹੈ। ਜਿੱਥੇ ਹਰ ਆਮ ਅਤੇ ਖਾਸ ਵਿਅਕਤੀ ਕੇਵਲ 1 ਹਜ਼ਾਰ ਰੁਪਏ ਵਿਚ ਡਾਇਲਸਿਸ ਕਰਵਾ ਸਕਦਾ ਹੈ। ਟਰੱਸਟ ਵੱਲੋਂ ਅਤੇ ਰਾਣਾ ਹਸਪਤਾਲ ਵੱਲੋਂ ਮਰੀਜ਼ਾਂ ਦੀ ਸਹੂਲਤ ਲਈ ਇਹ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਟਰੱਸਟੀ ਮੈਂਬਰ ਬਲਬੀਰ ਸਿੰਘ, ਅਮਨਦੀਪ ਸਿੰਘ, ਜਗਜੀਤ ਸਿੰਘ, ਹਰਚਰਨ ਸਿੰਘ, ਡਾ. ਜਸਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਸੁਖਮੀਤ ਸਿੰਘ ਅਤੇ ਸੁਖਪਾਲ ਸਿੰਘ (ਦਫਤਰ ਇੰਚਾਰਜ) ਹਾਜ਼ਰ ਸਨ।

ਟੀ ਟੀ ਕੇ ਪ੍ਰੈਸਟੀਜ ਨੇ ਨਕਲੀ ਗੀਜ਼ਰ ਵੇਚਣ ਵਾਲਿਆਂ ਵਿਰੁੱਧ ਕੀਤੀ ਕਾਨੂੰਨੀ ਕਾਰਵਾਈ

ਮੋਰਿੰਡਾ (ਪੰਜਾਬ): ਟੀ ਟੀ ਕੇ ਪ੍ਰੈਸਟੀਜ ਲਿਮਟਿਡ ਜੋ ਕਿ ਭਾਰਤ 'ਚ ਰਸੋਈ ਦੇ ਉਪਕਰਨਾਂ ਦਾ ਇੱਕ ਪ੍ਰਮੁੱਖ ਨਿਰਮਾਤਾ ਹੈ, ਨੇ ਮੈਸਰਜ਼ ਰਣਜੀਤ ਇਲੈਕਟ੍ਰੀਕਲਜ਼ ਵਿਰੁੱਧ ਇੱਕ ਪੁਲਸ ਸ਼ਿਕਾਇਤ ਦਾਇਰ ਕੀਤੀ ਹੈ ਕਿਉਂਕਿ ਉਹ ਪ੍ਰੈਸਟੀਜ ਦੇ ਬ੍ਰੈਂਡ ਨੀਮ ਦੇ ਤਹਿਤ ਨਕਲੀ ਗੀਜ਼ਰ ਵੇਚ ਰਿਹਾ ਸੀ। ਸ਼ਿਕਾਇਤ ਮੋਰਿੰਡਾ, ਜ਼ਿਲ੍ਹਾ ਪੰਜਾਬ ਦੇ 'ਚ ਰੂਪਨਗਰ, ਪੀ ਬੀ ਪੁਲਸ ਸਟੇਸ਼ਨ ਵਿਖੇ ਦਾਇਰ ਕੀਤੀ ਗਈ ਸੀ ਜਿਸ 'ਚ ਇਹ ਦੋਸ਼ ਲਗਾਇਆ ਗਿਆ ਹੈ ਕਿ ਰਣਜੀਤ ਇਲੈਕਟ੍ਰੀਕਲਜ਼ ਮਹੀਨਿਆਂ ਤੋਂ ਨਕਲੀ ਗੀਜ਼ਰ ਵੇਚ ਰਹੇ ਹਨ। ਨਰਿੰਦਰ ਪਾਲ (ਜਾਂਚਕਾਰ) ਨੇ ਮਾਮਲੇ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਰਣਜੀਤ ਇਲੈਕਟ੍ਰੀਕਲਜ਼ ਨਕਲੀ ਗੀਜ਼ਰ ਵੇਚ ਰਿਹਾ ਸੀ। ਪ੍ਰੈਸਟੀਜ ਟ੍ਰੇਡਮਾਰਕ ਵਾਲੇ ਗੀਜ਼ਰ ਦੇ 18 ਯੂਨਿਟ ਜ਼ਬਤ ਕੀਤੇ ਗਏ ਸਨ। ਪੁਲਸ ਅਧਿਕਾਰੀਆਂ ਨੇ ਪਾਇਆ ਕਿ ਮਾਲਕ ਰਣਜੀਤ ਸਿੰਘ ਨਕਲੀ ਉਤਪਾਦ ਵੇਚਣ ਅਤੇ ਵੰਡਣ ਵਿੱਚ ਸ਼ਾਮਲ ਸੀ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਸ ਥਾਣਾ ਰੂਪਨਗਰ ਵਿਖੇ ਕਾਪੀਰਾਈਟ ਐਕਟ 1957 ਦੀ ਧਾਰਾ 63, 65 ਤਹਿਤ ਐਫ ਆਈ ਆਰ ਦਰਜ ਕੀਤੀ ਗਈ ਹੈ। ਉਪਭੋਗਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ "ਪ੍ਰੈਸਟੀਜ" ਬ੍ਰਾਂਡ ਦੇ ਅਧੀਨ ਉਤਪਾਦ ਖਰੀਦਣ ਵੇਲੇ ਸੁਚੇਤ ਰਹਿਣ।

ਸਕੂਲ ਅਧਿਆਪਕ 'ਤੇ ਨਬਾਲਗ ਲੜਕੀਆਂ ਨਾਲ ਅਸ਼ਲੀਲ ਹਰਕਤਾਂ ਕਰਨ ਦਾ ਦੋਸ਼

ਮਜੀਠਾ (ਸੋਇਮ ਆਨੰਦ)- ਮਜੀਠਾ ਹਲਕੇ ਵਿੱਚ ਪੈਂਦੇ ਪਿੰਡ ਰੱਖ ਭੰਗਵਾਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਇੱਕ ਅਧਿਆਪਕ ਵਲੋਂ ਸਕੂਲ ਦੀਆਂ ਨਬਾਲਗ ਲੜਕੀਆਂ ਨਾਲ ਕਥਿਤ ਛੇੜਛਾੜ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਸਰਕਾਰੀ ਐਲੀਮੈਂਟਰੀ ਸਕੂਲ ਰੱਖ ਭੰਗਵਾਂ 'ਚ ਤੀਸਰੀ, ਚੌਥੀ ਅਤੇ ਪੰਜਵੀਂ ਕਲਾਸ ਵਿਚ ਪੜ੍ਹਦੀਆਂ 3 ਵਿਦਿਆਰਥਣਾਂ ਦੇ ਮਾਪਿਆਂ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੀਆਂ ਬੱਚੀਆਂ ਨਾਲ ਸਕੂਲ ਦੇ ਅਧਿਆਪਕ ਰਾਕੇਸ਼ ਕੁਮਾਰ ਵਲੋਂ ਕਥਿਤ ਛੇੜਛਾੜ ਕੀਤੀ ਹੈ। ਉਨ੍ਹਾਂ ਬੱਚੀਆਂ ਨੇ ਘਰ ਜਾ ਕੇ ਦੱਸਿਆ ਤਾਂ ਅੱਜ ਸਵੇਰੇ ਬੱਚੀਆਂ ਦੇ ਮਾਪੇ ਸਕੂਲ ਆਏ ਤਾਂ ਉਕਤ ਅਧਿਆਪਕ ਸਕੂਲ ਛੱਡ ਕੇ ਫਰਾਰ ਹੋ ਗਿਆ। ਬੱਚੀਆਂ ਦੇ ਮਾਪਿਆਂ ਨੇ ਇਸ ਸੰਬੰਧੀ ਪੁਲਸ ਨੂੰ ਸ਼ਿਕਾਇਤ ਕੀਤੀ। ਥਾਣਾ ਮਜੀਠਾ ਦੇ ਐੱਸ.ਐੱਚ.ਓ. ਇੰਸਪੈਕਟਰ ਅਮੋਲਕ ਸਿੰਘ ਦੇ ਦੱਸਣ ਅਨੁਸਾਰ ਬੱਚੀਆਂ ਦੇ ਮਾਪਿਆਂ ਦੇ ਬਿਆਨ ਲਏ ਜਾ ਰਹੇ ਹਨ। ਬਿਆਨਾਂ ਦੇ ਆਧਾਰ 'ਤੇ ਮਾਮਲੇ ਦੀ ਤਫਤੀਸ਼ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਪਿੰਡ ਰੱਖ ਭੰਗਵਾਂ ਦੀ ਸਮੁੱਚੀ ਪੰਚਾਇਤ ਤੇ ਪਿੰਡ ਵਾਸੀਆਂ ਵਲੋਂ ਸਕੂਲ 'ਚ ਇਕੱਤਰ ਹੋ ਕੇ ਸਿੱਖਿਆ ਵਿਭਾਗ ਖਿਲਾਫ ਨ

5-Jan-PAGE-12.qxd 1/4/2024 11:10 PM Page 1

'ਭਾਜਪਾ ਹਰਾਓ-ਦੇਸ਼ ਬਚਾਓ-ਕਾਰਪੋਰੇਟ ਭਜਾਓ' ਮੁਹਿੰਮ ਪ੍ਰਚੰਡ ਕਰੋ : ਪਾਸਲਾ

ਜਲੰਧਰ (ਰਾਜੇਸ਼ ਥਾਪਾ, ਕੇਸਰ)

ਭਾਰਤੀ ਇਨਕਲਾਬੀ ਇਨਕਲਾਬੀ ਮਾਰਕਸਵਾਦੀ (ਆਰ ਐਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਦੇਸ਼ ਵਿਆਪੀ 'ਭਾਜਪਾ ਹਰਾਓ-ਦੇਸ਼ ਬਚਾਓ-ਕਾਰਪੋਰੇਟ ਭਜਾਓ ' ਮੁਹਿੰਮ ਨੂੰ ਸੂਬੇ ਅੰਦਰ ਹੋਰ ਭਖਾਉਣ ਦਾ ਸੱਦਾ ਦਿੱਤਾ ਹੈ। ਉਹਨਾਂ ਇਹ ਵੀ ਕਿਹਾ ਹੈ ਕਿ ਭਾਜਪਾ ਨੂੰ ਸੱਤਾ ਤੋਂ ਬੇਦਖਲ ਕਰਨ ਲਈ 'ਇੰਡੀਆ' ਗਠਜੋੜ ਦੀ ਹਿਮਾਇਤ ਕਰਨ ਤੇ ਖੱਬੀਆਂ ਸ਼ਕਤੀਆਂ ਦੀ ਇੱਕਜੁੱਟ ਦਖ਼ਲ ਅੰਦਾਜ਼ੀ ਯਕੀਨੀ ਬਣਾਉਣ ਦੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਨਿਰਣੇ ਨੂੰ ਪੂਰੀ ਤਨਦੇਹੀ ਨਾਲ ਲਾਗੂ ਕੀਤਾ ਜਾਵੇ।ਸਾਥੀ ਪਾਸਲਾ ਨੇ ਕਿਹਾ ਕਿ ਉਕਤ ਮੁਹਿੰਮ ਦੌਰਾਨ ਮੋਦੀ-ਸਾਹ ਸਰਕਾਰ ਵੱਲੋਂ, ਦੇਸ਼ ਦੇ ਸੰਵਿਧਾਨ ਦੀ ਅਣਦੇਖੀ ਕਰਕੇ ਆਪਣੇ ਆਕਾ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਹੁਕਮਾਂ ਤਹਿਤ ਭਾਰਤ ਦੇ ਜਮਹੂਰੀ, ਧਰਮ ਨਿਰਪੱਖ ਅਤੇ ਫੈਡਰਲ ਢਾਂਚੇ ਨੂੰ ਤਬਾਹ ਕਰਕੇ, ਮੰਨੂਵਾਦੀ ਸ਼ਾਸ਼ਨ ਵਿਵਸਥਾ ਵਾਲੇ ਧਰਮ ਆਧਾਰਿਤ ਕੱਟੜ ਰਾਸ਼ਟਰ ਦੀ ਕਾਇਮੀ ਲਈ ਕੀਤੇ ਜਾ ਰਹੇ ਯਤਨਾਂ ਤੋਂ ਜਾਣੂੰ ਕਰਵਾਇਆ ਜਾਵੇ। ਧਰਮ ਅਧਾਰਤ ਦੇਸ਼ ਦੀ ਕਾਇਮੀ ਹਰ ਕਿਸਮ ਦੇ ਮਾਨਵੀ ਤੇ ਲੋਕਰਾਜੀ ਅਧਿਕਾਰਾਂ ਦੀ ਅਲਖ ਮੁੱਢੋਂ ਹੀ ਮੁਕਾ ਦੇਣ ਦਾ ਮੁੱਢ ਬੰਨ੍ਹੇਗੀ। ਸਾਥੀ ਪਾਸਲਾ ਨੇ ਪਾਰਟੀ ਸਫਾਂ ਨੂੰ ਕਿਹਾ ਹੈ ਕਿ ਉਹ ਘੱਟ ਗਿਣਤੀਆਂ, ਦਲਿਤਾਂ, ਇਸਤਰੀਆਂ, ਆਦਿਵਾਸੀਆਂ ਅਤੇ ਹੋਰ ਲੁੱਟੇ-ਲਤਾੜੇ ਤਬਕਿਆਂ 'ਤੇ ਸੰਘ ਦੇ ਖਰੂਦੀ ਟੋਲਿਆਂ ਵਲੋਂ ਢਾਹੇ ਜਾ ਰਹੇ ਅਕਹਿ ਜੁਲਮਾਂ ਖਿਲਾਫ਼ ਹੋਰਨਾਂ ਪ੍ਰਗਤੀਸ਼ੀਲ ਧਿਰਾਂ ਨੂੰ ਨਾਲ ਲੈ ਕੇ ਵਿਸ਼ਾਲ ਜਨਤਕ ਲਾਮਬੰਦੀ 'ਤੇ ਆਧਾਰਿਤ ਅਸਰਦਾਇਕ ਸੰਘਰਸ਼ੀ

ਦਖ਼ਲਅੰਦਾਜ਼ੀ ਦੀ ਪਹਿਲਕਦਮੀ ਕਰਨ।ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਹੈ ਕਿ ਸਕੱਤਰੇਤ ਨੇ ਇਹ ਗੱਲ ਗੰਭੀਰਤਾ ਨਾਲ ਨੋਟ ਕੀਤੀ ਹੈ ਕਿ ਪੰਜਾਬ 'ਚ ਵਰਤਮਾਨ ਦੌਰ 'ਚ ਕਤਲਾਂ, ਲੁੱਟਾਂ-ਖੋਹਾਂ, ਨਸ਼ਾ ਤਸਕਰੀ ਅਤੇ ਮਾਫ਼ੀਆ ਲੁੱਟ ਦਾ ਬਾਜ਼ਾਰ ਗਰਮ ਹੈ। ਸਕੱਤਰੇਤ ਦੀ ਰਾਇ ਹੈ ਕਿ ਬੇਸ਼ੱਕ ਇਸ ਅਫ਼ਰਾ-ਤਫ਼ਰੀ ਪਿੱਛੇ ਮੂਲ ਕਾਰਨ ਛਾਲਾਂ ਮਾਰ ਕੇ ਵੱਧ ਰਹੀ ਬੇਰੁਜ਼ਗਾਰੀ ਅਤੇ ਗੁਰਬਤ ਹਨ ਪਰ ਸੂਬੇ ਦੀ ਭਗਵੰਤ ਮਾਨ ਸਰਕਾਰ ਦੀ ਨਖਿੱਧ ਪ੍ਰਸ਼ਾਸ਼ਨਿਕ ਕਾਰਗੁਜ਼ਾਰੀ ਅਤੇ ਗੈਰ ਸਮਾਜਿਕ ਤੱਤਾਂ ਨਾਲ ਰਾਜ ਕਰਦੀ ਪਾਰਟੀ ਦੇ ਚੁਨਿੰਦਾ ਆਗੂਆਂ ਦੀ ਮਿਲੀ ਭੁਗਤ ਵੀ ਇਸ ਅਰਾਜਕਤਾ ਲਈ ਜ਼ੁੰਮੇਵਾਰ ਹੈ । ਸਕੱਤਰੇਤ ਨੇ ਸੂਬਾ ਸਰਕਾਰ ਤੋਂ ਲੋਕਾਂ ਨੂੰ ਭੈਅ ਮੁਕਤ ਪ੍ਰਸ਼ਾਸ਼ਨ ਦੇਣ ਲਈ ਉਚਿਤ ਤੇ ਅਸਰਦਾਰ ਕਦਮ ਚੁੱਕਣ ਦੀ ਮੰਗ ਕੀਤੀ ਹੈ।ਉਨ੍ਹਾਂ ਦੱਸਿਆ ਕਿ ਸਕੱਤਰੇਤ ਵੱਲੋਂ 'ਭਾਜਪਾ ਹਰਾਓ-ਦੇਸ਼ ਬਚਾਓ-ਕਾਰਪੋਰੇਟ ਭਜਾਓ' ਮੁਹਿੰਮ ਤਹਿਤ ਪੂਰੇ ਜਨਵਰੀ ਮਹੀਨੇ ਸੂਬੇ ਦੇ ਪਿੰਡਾਂ-ਸ਼ਹਿਰਾਂ ਅੰਦਰ ਕਿਊਬਾ ਦੀ ਕ੍ਰਾਂਤੀ ਦੀ ਵਰ੍ਹੇਗੰਢ ਅਤੇ ਸੰਸਾਰ ਕਿਰਤੀ ਦੇ ਮਹਾਨ ਆਗੂ ਵੀ.ਆਈ. ਲੈਨਿਨ ਦੀ ਬਰਸੀ ਨੂੰ ਸਮਰਪਿਤ ਜਨਤਕ ਮੀਟਿੰਗਾਂ ਕਰਨ ਦਾ ਨਿਰਣਾ ਲਿਆ ਗਿਆ ਹੈ। ਜਾਮਾਰਾਏ ਨੇ ਦੱਸਿਆ ਕਿ ਪਾਰਟੀ ਵਲੋਂ ਫਰਵਰੀ ਦੇ ਅੰਤਲੇ ਅਤੇ ਮਾਰਚ ਦੇ ਪਹਿਲੇ ਹਫਤੇ ਜਲੰਧਰ, ਸੰਗਰੂਰ ਅਤੇ ਬਠਿੰਡਾ ਵਿਖੇ ਵਿਸ਼ਾਲ ਖੇਤਰੀ ਲੋਕ ਇਕੱਠ ਕੀਤੇ ਜਾਣਗੇ, ਜਿਨ੍ਹਾਂ ਦੀਆਂ ਅੰਤਮ ਤਰੀਕਾਂ 8 ਜਨਵਰੀ ਨੂੰ ਹੋਣ ਜਾ ਰਹੀ ਰਾਜ ਕਮੇਟੀ ਦੀ ਮੀਟਿੰਗ ਵਿਚ ਮਿਥੀਆਂ ਜਾਣਗੀਆਂ।ਸਕੱਤਰੇਤ ਨੇ ਫਰਵਰੀ ਮਹੀਨੇ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਹੋਣ ਜਾ ਰਹੀ ਹੜਤਾਲ ਅਤੇ ਸੰਯੁਕਤ ਕਿਸਾਨ ਮੋਰਚੇ ਵਲੋਂ ਕੀਤੇ ਜਾ ਰਹੇ ਪੇਂਡੂ ਭਾਰਤ ਬੰਦ ਦੀ ਕਾਮਯਾਬੀ ਲਈ ਮੁਕੰਮਲ ਸਹਿਯੋਗ ਕਰਨ ਦਾ ਫੈਸਲਾ ਕੀਤਾ ਹੈ। ਸਕੱਤਰੇਤ ਨੇ ਡਰਾਇਵਰਾਂ ਦੇ ਹੱਕੀ, ਦੇਸ਼ ਪੱਧਰੀ ਸੰਘਰਸ਼ ਦੀ ਮੁਕੰਮਲ ਹਿਮਾਇਤ ਕਰਦਿਆਂ ਕੇਂਦਰੀ ਸਰਕਾਰ ਨੂੰ ਕਿਹਾ ਹੈ ਕਿ ਉਹ ਲੋਕ ਸ਼ਕਤੀ ਅੱਗੇ ਸਿਰ ਨਿਵਾਉਂਦਿਆਂ ਆਪਣਾ ਤੁਗ਼ਲਕੀ ਫਰਮਾਨ ਫੌਰੀ ਵਾਪਸ ਲਵੇ। ਸਕੱਤਰੇਤ ਨੇ ਮਨਰੇਗਾ ਕਿਰਤੀਆਂ ਦੀਆਂ ਉਜ਼ਰਤਾਂ ਦੀ ਅਦਾਇਗੀ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦਾ ਕੇਂਦਰੀ ਸਰਕਾਰ ਦਾ ਬਦਨੀਅਤੀ ਵਾਲਾ ਤੇ ਗੈਰ ਵਿਹਾਰਕ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ।

ਸੀਟੀ ਗਰੁੱਪ ਦੇ ਡਾ. ਸਤਵੀਰ ਵੱਲੋਂ ਜਾਪਾਨ ਹੈਲਥ ਫਿਜ਼ਿਕਸ ਸੁਸਾਇਟੀ ਮੀਟਿੰਗ 'ਚ ਰਿਸਰਚ ਪੇਸ਼

ਜਲੰਧਰ (ਸ਼ੈਲੀ ਐਲਬਰਟ)

ਗ੍ਰੈਂਡ ਨਿੱਕੋ ਟੋਕੀਓ ਡਾਈਬਾ ਵਿਖੇ ਆਯੋਜਿਤ ਇੱਕ ਮਹੱਤਵਪੂਰਣ ਸਮਾਗਮ ਵਿੱਚ, ਜਾਪਾਨ ਹੈਲਥ ਫਿਜ਼ਿਕਸ ਸੋਸਾਇਟੀ ਦੀ 56ਵੀਂ ਮੀਟਿੰਗ ਵਿੱਚ ਸੀਟੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਸ਼ਾਹਪੁਰ, ਜਲੰਧਰ ਦੇ ਅਪਲਾਈਡ ਸਾਇੰਸਜ਼ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ: ਸਤਵੀਰ ਸਿੰਘ ਦੁਆਰਾ ਇੱਕ ਡੂੰਘੀ ਪੇਸ਼ਕਾਰੀ ਦੇਖੀ ਗਈ।। ਟੋਕੀਓ ਮੈਟਰੋਪੋਲੀਟਨ ਯੂਨੀਵਰਸਿਟੀ ਅਤੇ ਜਾਪਾਨ ਸੋਸਾਇਟੀ ਫਾਰ ਪ੍ਰਮੋਸ਼ਨ ਆਫ਼ ਸਾਇੰਸ ਦੁਆਰਾ ਸਹਿ-ਸੰਗਠਿਤ, ਕਾਨਫਰੰਸ ਨੇ ਸਿਹਤ ਭੌਤਿਕ ਵਿਗਿਆਨ ਵਿੱਚ ਅਤਿ-ਆਧੁਨਿਕ ਖੋਜ ਨੂੰ ਉਜਾਗਰ ਕੀਤਾ । ਡਾ: ਸਤਵੀਰ ਸਿੰਘ ਦੀ ਪੇਸ਼ਕਾਰੀ,

ਟਿਨ ਆਕਸਾਈਡ ਨੈਨੋਪਾਰਟਿਕਲਜ਼: ਸਿੰਥੇਸਿਸ, ਕਰੈਕਟਰਾਈਜ਼ੇਸ਼ਨ, ਐਂਡਸੋਰਪਸ਼ਨ ਸਟੱਡੀਜ਼, ਐਂਡ ਐਪਲੀਕੇਸ਼ਨ ਐਜ਼ ਯੂ ਫਰੌਮ ਹਾਈ ਯੂਰੇਨੀਅਮ ਗਰਾਊਂਡ ਵਾਟਰ ਸੈਂਪਲਜ਼ ਫਰੌਮ ਮਾਨਸਾ ਜ਼ਿਲ੍ਹੇ ਦੇ ਵਾਤਾਵਰਨ ਸਿਹਤ ਦੇ ਖੇਤਰ ਦਾ ਖੋਜਾਂ ਦੁਆਰਾ ਪਰਦਾਫਾਸ਼ ਕੀਤਾ । ਇਸ ਖੋਜ ਨੇ ਦੱਖਣੀ ਪੱਛਮੀ ਪੰਜਾਬ ਦੇ ਮਾਨਸਾ ਜ਼ਿਲ੍ਹੇ ਤੇ ਖਾਸ ਜ਼ੋਰ ਦੇ ਕੇ, ਧਰਤੀ ਹੇਠਲੇ ਪਾਣੀ ਵਿੱਚ ਮੌਜੂਦ ਯੂਰੇਨੀਅਮ ਦੇ ਉੱਚ ਪੱਧਰਾਂ ਨੂੰ ਹੱਲ ਕਰਨ ਅਤੇ ਖ਼ਤਮ ਕਰਨ ਲਈ ਨੈਨੋਪਾਰਟਿਕਲ ਦੀ ਮੌਜੂਦਗੀ ਉੱਪਰ ਜ਼ੋਰ ਦਿੱਤਾ । ਡਾ. ਸਤਵੀਰ ਸਿੰਘ ਦੀ ਖੋਜ ਦੀ ਮਹੱਤਤਾ ਯੂਰੇਨੀਅਮ ਦੀ ਗੰਦਗੀ ਨੂੰ ਘਟਾਉਣ ਲਈ ਇੱਕ ਟਿਕਾਊ ਹੱਲ ਪੇਸ਼ ਕਰਨ ਦੀ ਸਮਰੱਥਾ ਵਿੱਚ ਹੈ, ਜੋ ਕਿ ਵੱਖ-ਵੱਖ ਖੇਤਰਾਂ ਵਿੱਚ ਪਾਣੀ ਦੇ ਸਰੋਤਾਂ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਨਾਜ਼ੁਕ ਮੁੱਦਾ ਹੈ। ਟੀਨ ਆਕਸਾਈਡ ਨੈਨੋਪਾਰਟਿਕਲ ਦੀ ਵਰਤੋਂ ਯੂਰੇਨੀਅਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੋਖਣ ਅਤੇ ਭੂਮੀਗਤ ਪਾਣੀ ਨੂੰ ਸ਼ੁੱਧ ਕਰਨ ਲਈ ਇੱਕ ਸ਼ਾਨਦਾਰ ਰਾਹ ਪੇਸ਼ ਕਰਦੀ ਹੈ, ਇਸ ਤਰ੍ਹਾਂ ਵਾਤਾਵਰਣ ਦੀ ਸਥਿਰਤਾ ਅਤੇ ਜਨਤਕ ਸਿਹਤ ਵਿੱਚ ਯੋਗਦਾਨ ਪਾਉਂਦੀ ਹੈ।। ਡਾ: ਸਤਵੀਰ ਸਿੰਘ ਦੀ ਪੇਸ਼ਕਾਰੀ ਨੇ ਕਾਨਫਰੰਸ ਵਿਚ ਮੌਜੂਦ ਸਾਥੀ ਖੋਜਕਾਰਾਂ, ਵਿਦਵਾਨਾਂ ਅਤੇ ਉਦਯੋਗ ਮਾਹਿਰਾਂ ਦਾ ਧਿਆਨ ਖਿੱਚਿਆ।ਆਪਣੇ ਕੰਮ ਤੇ ਪ੍ਰਤੀਬਿੰਬਤ ਕਰਦੇ ਹੋਏ, ਡਾ: ਸਤਵੀਰ ਸਿੰਘ ਨੇ ਟਿੱਪਣੀ ਕੀਤੀ, ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਨੂੰ ਜਾਪਾਨ ਹੈਲਥ ਫਿਜ਼ਿਕਸ ਸੋਸਾਇਟੀ ਦੀ ਮੀਟਿੰਗ ਵਿੱਚ ਆਪਣੀ ਖੋਜ ਪੇਸ਼ ਕਰਨ ਦਾ ਮੌਕਾ ਮਿਲਿਆ ਹੈ। ਸਾਡੀਆਂ ਖੋਜਾਂ ਵਾਤਾਵਰਣ ਦੀਆਂ ਗੰਭੀਰ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਨੈਨੋ-ਤਕਨਾਲੋਜੀ ਦੀ ਸੰਭਾਵਨਾ ਨੂੰ ਰੇਖਾਂਕਿਤ ਕਰਦੀਆਂ ਹਨ। ਪਾਣੀ ਵਿੱਚ ਵੱਧ ਰਹੇ ਯੂਰੇਨੀਅਮ ਤੱਤਾਂ ਦਾ ਸਾਹਮਣਾ ਕਰ ਰਹੇ ਖੇਤਰਾਂ ਤੇ ਖੋਜ ਕਰਨਾ ਸਾਡਾ ਮੁੱਖ ਉਦੇਸ਼ ਹੈ।

'ਤੂੰ ਮੇਰਾ ਮੇਰਾ ਕਹੋਂ ਬੰਦਿਆ' ਗਾਣਾ ਲੋਕ ਅਰਪਣ

ਜਲੰਧਰ (ਰਾਜੇਸ਼ ਥਾਪਾ)

ਪਰਵਾਸੀ ਪੰਜਾਬੀ ਸਾਹਿਤਕਾਰ ਸੁਰਿੰਦਰ ਸਿੰਘ ਸੁੰਨੜ ਦਾ ਲਿਖਿਆ ਸੱਭਿਆਚਾਰਕ ਗੀਤ 'ਤੂੰ ਮੇਰਾ ਮੇਰਾ ਕਹੋਂ ਬੇਦਿਆ' ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਲੋਕ ਅਰਪਣ ਕੀਤਾ ਗਿਆ। ਲੋਕ ਮੰਚ ਪੰਜਾਬ ਅਤੇ ਕਾਵਿਲੋਕ ਚੈਨਲ ਵੱਲੋਂ ਕੀਤੇ ਗਏ ਪ੍ਰਭਾਵਸ਼ਾਲੀ ਸਮਾਗਮ ਵਿੱਚ ਇਸ ਗੀਤ ਦੇ ਮਨੋਰਥ ਬਾਰੇ ਦੱਸਦਿਆਂ ਲੇਖਕ ਸੁਰਿੰਦਰ ਸੁੰਨੜ ਨੇ ਕਿਹਾ ਕਿ ਲੋਕ ਪੱਖੀ ਸੰਦੇਸ਼ ਵਾਲਾ ਇਹ ਗੀਤ ਗਾਉਣ ਲਈ ਸਾਫ ਸੁਥਰੀ ਗਾਇਕੀ ਨੂੰ ਪ੍ਰਣਾਏ ਹੋਏ ਸ਼੍ਰੋਮਣੀ ਪੰਜਾਬੀ ਗਾਇਕ ਪਾਲੀ ਦੇਤਵਾਲੀਆਂ ਨੂੰ ਚੁਣਿਆ ਜਾਣਾ,ਪੰਜਾਬੀ ਗਾਇਕੀ ਦਾ ਸੁਭਾਗ ਹੈ, ਇਸ ਗੀਤ ਲਈ ਇਹੋ ਆਵਾਜ਼ ਸਭ ਤੋਂ ਢੁੱਕਵੀਂ ਹੋ ਸਕਦੀ ਸੀ। ਪਾਲੀ ਦੇਤਵਾਲੀਆ ਨੇ ਕਿਹਾ ਕਿ ਉਸਨੇ ਹਮੇਸ਼ਾ ਪਰਵਾਰਾਂ ਵਿੱਚ ਬੈਠ ਕੇ ਸਾਂਝੇ ਰੂਪ ਵਿੱਚ ਸੁਣਨ ਵਾਲੇ ਗੀਤ ਹੀ ਗਾਏ ਹਨ। ਇਹ ਗੀਤ ਵੀ ਇਸੇ ਲੜੀ ਦੀ ਅਗਲੀ ਕੜੀ ਹੈ ।ਸਮਾਗਮ ਦੀ ਪ੍ਰਧਾਨਗੀ ਉਘੇ ਲੇਖਕ ਕੁਲਦੀਪ ਸਿੰਘ ਬੇਦੀ, ਕਾਮਰੇਡ ਗੁਰਮੀਤ ਸਿੰਘ ਦੇਸ਼ ਭਗਤ ਯਾਦਗਾਰ ਹਾਲ, ਡਾਕਟਰ ਲਖਵਿੰਦਰ ਜੌਹਲ, ਸੁਰਿੰਦਰ ਸਿੰਘ ਸੁੰਨੜ, ਰਾਜੇਸ਼ ਥਾਪਾ ਅਤੇ ਪ੍ਰੇਮ ਕਾਕੜੀਆ ਨੇ ਕੀਤੀ । ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਉਮਿੰਦਰ ਜੌਹਲ ਨੇ ਕਿਹਾ ਕਿ ਅਜਿਹੀ ਗਾਇਕੀ ਅਤੇ ਗੀਤਕਾਰੀ ਦੀ ਸਮਾਜ ਨੂੰ ਇਸ ਸਮੇਂ ਬੇਹੱਦ ਜ਼ਰੂਰਤ ਹੈ। ਸਮਾਗਮ ਵਿੱਚ ਜਸਵੀਰ ਸਿੰਘ ਸੋਢੀ, ਚਰਨਜੀਤ ਜੋਗੀ, ਪੁਸ਼ਪਿੰਦਰ ਕੌਰ, ਰਣਜੀਤ ਸਿੰਘ ਸੋਢੀ ਅਤੇ ਜਸਪਾਲ ਜ਼ੀਰਵੀ ਸਮੇਤ ਬਹੁਤ ਸਾਰੇ ਸਾਹਿਤਕਾਰ ਅਤੇ ਪੱਤਰਕਾਰ ਹਾਜ਼ਰ ਸਨ।

ਗ੍ਰਿਫ਼ਤਾਰ ਮੁਲਜ਼ਮ ਪਾਕਿ ਅਧਾਰਤ ਤਸਕਰਾਂ ਦੇ ਸਿੱਧੇ ਸੰਪਰਕ 'ਚ ਸੀ : ਡੀ ਜੀ ਪੀ

ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਦੌਰਾਨ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ ਪੁਲਸ ਨੇ 2 ਕਿਲੋ ਆਈਸ ਡਰੱਗ (ਮੇਥਾਮਫੇਟਾਮਾਈਨ) ਬਰਾਮਦ ਕਰਨ ਉਪਰੰਤ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਪਾਕਿਸਤਾਨ ਅਧਾਰਤ ਸਮੱਗਲਰਾਂ ਵੱਲੋਂ ਸਰਹੱਦ ਪਾਰੋਂ ਚਲਾਏ ਜਾ ਰਹੇ ਨਸ਼ਾ ਅਤੇ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਗੌਰਵ ਯਾਦਵ ਨੇ ਇੱਥੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਫੜੇ ਗਏ ਸਮੱਗਲਰ ਦੀ ਪਛਾਣ ਸਿਮਰਨਜੀਤ ਸਿੰਘ ਉਰਫ ਸਿਮਰ ਮਾਨ ਵਾਸੀ ਪਿੰਡ ਗੱਗੜਮਾਲ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਆਈਸ ਡਰੱਗ ਦੀ ਖੇਪ ਨੂੰ ਜਬਤ ਕਰਨ ਤੋਂ ਇਲਾਵਾ ਉਸਦੇ ਕਬਜ਼ੇ ਵਿੱਚੋਂ ਇੱਕ ਅਤਿ ਆਧੁਨਿਕ .30 ਬੋਰ ਦਾ ਚੀਨੀ ਪਿਸਤੌਲ ਅਤੇ ਪੰਜ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰ ਮੁਲਜਮ ਪਾਕਿਸਤਾਨ ਅਧਾਰਤ ਤਸਕਰ ਪਠਾਨ ਅਤੇ ਆਮੇਰ ਦੇ ਸਿੱਧੇ ਸੰਪਰਕ ਵਿੱਚ ਸੀ, ਜੋ ਉਸ ਨੂੰ ਡਰੋਨ ਰਾਹੀਂ ਸਰਹੱਦ ਪਾਰੋਂ ਆਈਸ ਡਰੱਗਜ ਅਤੇ ਹਥਿਆਰ ਸਪਲਾਈ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਮੁਲਜਮ ਸੂਬੇ ਭਰ ਵਿੱਚ ਆਈਸ ਡਰੱਗਜ ਦੀ ਸਪਲਾਈ ਕਰਦੇ ਸਨ, ਜਦਕਿ ਉਸਦੇ ਪਿਛਲੇ ਤੇ ਅਗਲੇ ਸਬੰਧਾਂ ਬਾਰੇ ਜਾਣਕਾਰੀ ਲਗਾਉਣ ਲਈ ਜਾਂਚ ਜਾਰੀ ਹੈ। ਹੋਰ ਵੇਰਵੇ ਸਾਂਝਾ ਕਰਦਿਆਂ

ਪੁਲਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਸੂਬੇ ਵਿੱਚ ਪਾਕਿ-ਅਧਾਰਤ ਸਮੱਗਲਰਾਂ ਵੱਲੋਂ ਭਾਰੀ ਮਾਤਰਾ ਵਿੱਚ ਆਈਸ ਡਰੱਗ ਅਤੇ ਹਥਿਆਰਾਂ ਦੀ ਖੇਪ ਲਿਆਉਣ ਦੀ ਕੋਸ਼ਿਸ਼ ਬਾਰੇ ਭਰੋਸੇਯੋਗ ਸੂਚਨਾਵਾਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਡੀਸੀਪੀ ਹਰਪ੍ਰੀਤ ਮੰਡੇਰ, ਏਡੀਸੀਪੀ ਸਿਟੀ-3 ਅਭਿਮੰਨਿਊ ਰਾਣਾ ਅਤੇ ਏਸੀਪੀ ਵੈਸਟ ਕਮਲਜੀਤ ਔਲਖ ਦੀ ਨਿਗਰਾਨੀ ਹੇਠ ਸੀ.ਆਈ.ਏ. ਸਟਾਫ-1 ਤੋਂ ਪੁਲਿਸ ਟੀਮਾਂ ਨੇ ਛੇਹਰਟਾ ਖੇਤਰ ਵਿੱਚ ਵਿਆਪਕ ਆਪ੍ਰੇਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਪੁਲਸ ਟੀਮਾਂ ਨੇ ਮੁਲਜਮ ਸਿਮਰ ਮਾਨ ਨੂੰ ਉਸ ਸਮੇਂ ਕਾਬੂ ਕਰ ਲਿਆ, ਜਦੋਂ ਉਹ ਇਸ ਖੇਪ ਦੀ ਡਿਲਿਵਰੀ ਕਰਨ ਲਈ ਕਿਸੇ ਵਿਅਕਤੀ ਦੀ ਉਡੀਕ ਕਰ ਰਿਹਾ ਸੀ। ਸੀ.ਪੀ. ਭੁੱਲਰ ਨੇ ਦੱਸਿਆ ਕਿ ਡਰੱਗ ਸਪਲਾਇਰਾਂ, ਡੀਲਰਾਂ ਅਤੇ ਉਨ੍ਹਾਂ ਦੇ ਖਰੀਦਦਾਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜਮਾਂ ਕੋਲੋਂ ਹੁਣ ਤੱਕ ਪ੍ਰਾਪਤ ਕੀਤੇ ਨਸ਼ੀਲੇ ਪਦਾਰਥਾਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਧੌਂਸ ਦਿਖਾਉਣ ਦੇ ਦੋਸ਼ 'ਚ ਪਰਚਾ ਦਰਜ

ਜਲੰਧਰ (ਨ ਜ ਸ)-ਡੀ ਐੱਸ ਪੀ ਮੁਕੇਰੀਆਂ ਕੁਲਵਿੰਦਰ ਸਿੰਘ ਵਿਰਕ ਵੱਲੋਂ ਐੱਸ ਐੱਸ ਪੀ ਸੁਰਿੰਦਰ ਲਾਂਬਾ ਦੇ ਦਿਸ਼ਾ-ਨਿਰਦੇਸ਼ਾਂ